http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜ਼ਦੂਰ ਏਕਤਾ ਲਹਿਰ



ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 2, ਅੰਕ 3 | ਮਾਸਕ — ਮੁੱਲ 5 ਰੁ | ਮਾਰਚ 2010

## ਔਰਤਾਂ ਦੇ ਦਮਨ ਦਾ ਸ੍ਰੋਤ ਸ਼ੋਸ਼ਣ 'ਤੇ ਅਧਾਰਤ ਸਮਾਜ ਹੈ

8 ਮਾਰਚ, 2010 ਅੰਤਰਰਾਸ਼ਟਰੀ ਔਰਤ ਦਿਵਸ ਦੀ ਘੋਸ਼ਣਾ ਦੀ ਸ਼ਤਾਬਦੀ ਹੋਵੇਗੀ। ਆਪਣੇ ਹੱਕਾਂ ਤੇ ਸਮਾਜ 'ਚ ਸਨਮਾਨ ਲੈਣ ਲਈ ਦੁਨੀਆਂ ਦੀਆਂ ਔਰਤਾਂ ਦੇ ਸੰਘਰਸ਼ ਦੇ ਸੌ ਸਾਲ ਤੋਂ ਜ਼ਿਆਦਾ ਪੂਰੇ ਹੋਣ ਦੇ ਮੌਕੇ 'ਤੇ ਮਜ਼ਦੂਰ ਏਕਤਾ ਲਹਿਰ ਸਮਾਜ 'ਚ ਔਰਤਾਂ ਦੇ ਦਮਨ ਦੇ ਸ੍ਰੋਤ ਨੂੰ ਸਪੱਸ਼ਟ ਕਰਦੀ ਹੈ ਤੇ ਇਸ ਤਰ੍ਹਾਂ, ਇਸ ਦਮਨ ਨੂੰ ਖਤਮ ਕਰਨ ਦੀ ਦਿਸ਼ਾ ਦਿਖਾਉਂਦੀ ਹੈ। ਦੇਖੋ ਸਫਾ 4

## ਔਰਤਾਂ ਦੀ ਮੁਕਤੀ ਦਾ ਸੰਘਰਸ਼ ਹਮੇਸ਼ਾਂ ਮਜ਼ਦੂਰ ਵਰਗ ਦੇ ਸਮਾਜਵਾਦ ਲਈ ਸੰਘਰਸ਼ ਨਾਲ ਜੁੜਿਆ ਰਿਹਾ ਹੈ

ਦੇਖੋ ਸਫਾ 6

ਕੇਂਦਰੀ ਬੱਜਟ 2010/11

### ਖਾਧ-ਪਦਾਰਥਾਂ ਦੀ ਖ੍ਰੀਦ ਅਤੇ ਵਿਤਰਣ ਦਾ ਕੌਮੀਕਰਣ ਅਤੇ ਸਮਾਜੀਕਰਣ ਕੀਤਾ ਜਾਵੇ!

### ਇੱਕ ਅਧੁਨਿਕ ਸਰਵਵਿਆਪਕ ਸਰਵਜਨਕ ਵਿਤਰਣ ਵਿਵਸਥਾ ਨੂੰ ਚਲਾਉਣ ਲਈ ਖਾਧ ਸਬਸਿਡੀ 'ਚ ਵਾਧਾ ਕੀਤਾ ਜਾਵੇ!

### ਹਥਿਆਰਾਂ ਉੱਥੇ ਖਰਚ ਘੱਟ ਕੀਤਾ ਜਾਵੇ ਅਤੇ ਵਿਆਜ ਭੁਗਤਾਨਾਂ ਨੂੰ ਮੁਲਤਵੀ ਕੀਤਾ ਜਾਵੇ!

ਦੇਖੋ ਸਫਾ 2

### ਕੀਮਤਾਂ ਉੱਚੀਆਂ ਕਿਉਂ ਹਨ ਤੇ ਇਸ ਸਮੱਸਿਆ ਦਾ ਹੱਲ ਕੀ ਹੈ?

ਦੇਖੋ ਸਫਾ 3

### ਪੁਣੇ 'ਚ ਹੋਏ ਦਹਿਸ਼ਤੀ ਹਮਲੇ ਦੀ ਪੁਰਜ਼ੋਰ ਨਿਖੇਧੀ ਕਰੋ!

ਦੇਖੋ ਸਫਾ 9

### ਗੁਜਰਾਤ ਕਤਲੇਆਮ ਤੋਂ ਅੱਠ ਸਾਲ ਬਾਅਦ

ਦੇਖੋ ਸਫਾ 10

### ਰਾਜਨੀਤੀ ਦੇ ਅਪਰਾਧੀਕਰਣ ਦੇ ਖਿਲਾਫ ਅਤੇ ਲੋਕਾਂ ਦੇ ਹੱਥਾਂ 'ਚ ਸੱਤਾ ਲਈ ਰੈਲੀ ਦੀ 17ਵੀਂ ਵਰ੍ਹੇਗੰਢ

ਦੇਖੋ ਸਫਾ 11

### ਯੂਰਪ ਵਿੱਚ ਆਰਥਕ ਸੰਕਟ

ਦੇਖੋ ਸਫਾ 16

### ਅਫਗਾਨਿਸਤਾਨ 'ਤੇ ਅਮਰੀਕਾ ਦੇ ਹਮਲਿਆਂ ਦੀ ਨਿਖੇਧੀ ਕਰੋ!

ਦੇਖੋ ਸਫਾ 17

ਮਾਡਰਨ ਫੂਡਸ ਦੇ ਸੰਘਰਸ਼ ਦੀ 10ਵੀਂ ਵਰ੍ਹੇਗੰਢ:

## ਨਿੱਜੀਕਰਣ ਨਾਲ ਕੋਈ ਸਮਝੌਤਾ ਨਹੀਂ!

ਦੇਖੋ ਸਫਾ 13

### ਰਾਸ਼ਣ ਕਾਰਡ ਦੀ ਮੰਗ ਨੂੰ ਲੈਕੇ ਧਰਨਾ

ਦੇਖੋ ਸਫਾ 15

ਕੇਂਦਰੀ ਬੱਜਟ 2010/11

# ਖਾਧ-ਪਦਾਰਥਾਂ ਦੀ ਖ੍ਰੀਦ ਅਤੇ ਵਿਤਰਣ ਦਾ ਕੌਮੀਕਰਣ ਅਤੇ ਸਮਾਜੀਕਰਣ ਕੀਤਾ ਜਾਵੇ!

# ਇੱਕ ਅਧੁਨਿਕ ਸਰਵਵਿਆਪਕ ਸਰਵਜਨਕ ਵਿਤਰਣ ਵਿਵਸਥਾ ਨੂੰ ਚਲਾਉਣ ਲਈ ਖਾਧ ਸਬਸਿਡੀ 'ਚ ਵਾਧਾ ਕੀਤਾ ਜਾਵੇ!

# ਹਥਿਆਰਾਂ ਉੱਥੇ ਖਰਚ ਘੱਟ ਕੀਤਾ ਜਾਵੇ ਅਤੇ ਵਿਆਜ ਭੁਗਤਾਨਾਂ ਨੂੰ ਮੁਲਤਵੀ ਕੀਤਾ ਜਾਵੇ!

ਵਿੱਤ ਮੰਤਰੀ ਪ੍ਰਣਾਬ ਮੁਖਰਜੀ, 25 ਫਰਵਰੀ ਨੂੰ 2010/11 ਦਾ ਕੇਂਦਰੀ ਬੱਜਟ ਪੇਸ਼ ਕਰਨ ਜਾ ਰਹੇ ਹਨ। ਇਹ ਬੱਜਟ ਇੱਕ ਐਸੇ ਵਕਤ ਤੇ ਆ ਰਿਹਾ ਹੈ, ਜਦ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕ ਅੰਤਾਂ ਦੀ ਮਹਿੰਗਾਈ ਦੇ ਬੋਝ ਥੱਲੇ ਦਰੜੇ ਜਾ ਰਹੇ ਹਨ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ, ਸੰਸਦ ਦੇ ਬੱਜਟ ਇਜਲਾਸ ਦੇ ਆਰੰਭਕ ਦਿਨ ਤੇ ਸੰਸਦ ਨੂੰ ਸੰਬੋਧਨ ਕਰਦਿਆਂ, ਖਾਧ-ਪਦਾਰਥਾਂ ਦੀ ਇਸ ਅੰਨ੍ਹੀ ਮਹਿੰਗਾਈ ਦੇ ਲਈ ਵੱਖ-ਵੱਖ ਬਾਹਰੀ ਸ਼ਕਤੀਆਂ ਅਤੇ ਮੌਸਮ ਨੂੰ ਕਸੂਰਵਾਰ ਠਹਿਰਾਇਆ। ਇਹ ਇੱਕ ਸਪੱਸ਼ਟ ਸੰਕੇਤ ਹੈ ਕਿ ਹਿੰਦੋਸਤਾਨ ਦੇ ਵਰਤਮਾਨ ਹਾਕਮ ਖਾਧ ਸਮੱਸਿਆ ਨੂੰ ਹੱਲ ਕਰਨ 'ਚ ਦਿਲਚਸਪੀ ਨਹੀਂ ਰੱਖਦੇ।

ਸਰਮਾਏਦਾਰ ਮੀਡੀਆ 'ਚ ਖੂਬ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਵਿੱਤ ਮੰਤਰੀ, ਸਮਾਜ ਦੇ ਕਿਸ ਵਰਗ ਜਾਂ ਤਬਕੇ ਨੂੰ ਦਿੱਤੀਆਂ ਗਈਆਂ ਕਿਹੜੀਆਂ-ਕਿਹੜੀਆਂ ਰਿਆਇਤਾਂ ਵਾਪਸ ਲਏਗਾ --ਜਦਕਿ ਇਸਤੋਂ ਪਹਿਲਾਂ, ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੂੰ ਬਹੁਤ ਸਾਰੀਆਂ ਰਿਆਇਤਾਂ ਅਤੇ ਪ੍ਰੋਤਸਾਹਨ ਪੈਕੇਜ ਦਿੱਤੇ ਗਏ ਸਨ। ਪ੍ਰੰਤੂ ਸਰਮਾਏਦਾਰਾਂ ਦੇ ਮੁਨਾਫਿਆਂ ਦੇ ਵਾਧੇ ਜਾਂ ਘਾਟੇ ਦੀ ਦੇਖ-ਭਾਲ ਕਰਨਾ, ਹਿੰਦੋਸਤਾਨ ਦੇ ਮਿਹਨਤਕਸ਼ ਲੋਕਾਂ ਲਈ ਚਿੰਤਾ ਦਾ ਕੋਈ ਵਿਸਾ ਨਹੀਂ ਹੈ। ਸਾਡੇ ਲਈ ਸੱਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਵਰਤਮਾਨ ਆਰਥਕਤਾ ਅੰਦਰ ਸਾਡੀਆਂ ਮੂਲ-ਭੂਤ ਜਰੂਰਤਾਂ --ਪੇਟ 'ਚ ਚੋਖਾ ਭੋਜਨ, ਆਦਿ—ਵੀ ਪੂਰੀਆਂ ਨਹੀਂ ਹੋ ਰਹੀਆਂ ਹਨ।

ਸੰਸਦ ਦਾ ਬੱਜਟ ਇਜਲਾਸ, ਮਜ਼ਦੂਰ ਜਮਾਤ ਨੂੰ ਇੱਕ ਐਸਾ ਮੌਕਾ ਪ੍ਰਦਾਨ ਕਰਦਾ ਹੈ ਕਿ ਉਹ ਸਭਨਾਂ ਲਈ ਉਚਿਤ ਕੀਮਤ ਤੇ ਚੋਖੀਆਂ ਖਾਧ-ਸਮੱਗਰੀਆਂ ਯਕੀਨੀ ਬਨਾਉਣ ਦੀ ਸਮੱਸਿਆ ਦੇ ਇੱਕ ਫੌਰੀ ਅਤੇ ਪਾਏਦਾਰ ਹੱਲ ਦੀ ਮੰਗ ਨੂੰ ਲੈਕੇ, ਆਪਣਾ ਅੰਦੋਲਨ ਤੇਜ਼ ਕਰ ਸਕਦੀ ਹੈ। ਜੇਕਰ ਕੇਂਦਰ ਸਰਕਾਰ, ਲੋਕਾਂ ਦੀ ਇਸ ਭਖਦੀ ਸਮੱਸਿਆ ਨੂੰ ਹੱਲ ਕਰਨ ਲਈ ਲੋੜੀਂਦੇ ਉਪਾਅ ਨਹੀਂ ਕਰ ਸਕਦੀ, ਤਾਂ ਇਹ ਸਰਕਾਰ ਸ਼ਾਸਨ ਦੇ ਲਾਇਕ ਨਹੀਂ ਹੈ। ਏਸ ਲੜਾਕੂ ਭਾਵਨਾ ਨਾਲ, ਮਜਦੂਰ ਜਮਾਤ ਨੂੰ ਐਸ ਵਕਤ ਆਪਣਾ ਸੰਘਰਸ਼ ਤੇਜ਼ ਕਰਨਾ ਚਾਹੀਦਾ ਹੈ।

ਇਸ ਸਮੱਸਿਆ ਦਾ ਅਸਲੀ ਹੱਲ ਤਦ ਹੋਏਗਾ, ਜਦ ਖਾਧ-ਪਦਾਰਥਾਂ ਦੀ ਖ੍ਰੀਦ ਅਤੇ ਬਿਕਰੀ ਨੂੰ ਸਮਾਜ ਦੇ ਨਿਯੰਤਰਣ ਹੇਠ ਲਿਆਂਦਾ ਜਾਵੇਗਾ, ਜਦ ਆਰਥਕਤਾ ਦੇ ਏਸ ਖੇਤਰ ਵਿੱਚੋਂ ਨਿੱਜੀ ਮੁਨਾਫਾਖੋਰਾਂ ਦੀ ਭੂਮਿਕਾ ਖਤਮ ਕਰ ਦਿੱਤੀ ਜਾਵੇਗੀ। ਇਸਦਾ ਅਰਥ ਇਹ ਹੋਵੇਗਾ ਕਿ ਸਿਰਫ ਸਮਾਜਕ ਸੰਗਠਨਾਂ — ਕੇਂਦਰੀ, ਸੂਬਾਈ ਅਤੇ ਸਥਾਨਕ ਸਰਕਾਰਾਂ, ਟ੍ਰੇਡ ਯੂਨੀਅਨਾਂ, ਕਿਸਾਨ, ਔਰਤ ਅਤੇ ਨੌਜਵਾਨ ਸੰਗਠਨਾਂ — ਦੀ ਹੀ ਖਾਧ ਭੰਡਾਰਣ ਅਤੇ ਵਿਤਰਣ ਵਿੱਚ ਭੂਮਿਕਾ ਹੋਵੇਗੀ। ਅੱਜ ਖਾਧ-ਪਦਾਰਥਾਂ ਦੇ ਵਪਾਰ ਤੋਂ ਜੋ ਨਿੱਜੀ ਕੰਪਣੀਆਂ, ਅਧਿਕ ਤੋਂ ਅਧਿਕ ਮੁਨਾਫੇ ਕਮਾ ਰਹੀਆਂ ਹਨ, ਉਨ੍ਹਾਂ ਨੂੰ ਬਿਨਾਂ-ਮੁਆਵਜ਼ਾ ਜ਼ਬਤ ਕਰ ਲਿਆ ਜਾਣਾ ਚਾਹੀਦਾ ਹੈ। ਏਹੀਓ ਦੇਸ਼ ਦੇ ਹਿੱਤ 'ਚ ਹੋਵੇਗਾ। ਖਾਧ-ਪਦਾਰਥਾਂ ਦੇ ਦੇਸ਼ੀ ਅਤੇ ਅੰਤਰਰਾਸ਼ਟਰੀ ਵਪਾਰ ਵਿੱਚ ਨਿੱਜੀ ਮੁਨਾਫਾਖੋਰਾਂ ਲਈ ਥਾਂ ਨਹੀਂ ਹੋਵੇਗੀ। ਜਦ ਖਾਧ-ਵਪਾਰ ਸਮਾਜ ਦੇ ਨਿਯੰਤਰਣ ਹੇਠ ਹੋਵੇਗਾ, ਤਾਂ ਕਿਸਾਨਾਂ ਨੂੰ ਆਪਣੀ ਪੈਦਾਵਾਰ ਦੀਆਂ ਟਿਕਾਊ ਅਤੇ ਲਾਹੇਵੰਦ ਕੀਮਤਾਂ ਮਿਲ ਸਕਣਗੀਆਂ ਅਤੇ ਸੱਭ ਮਿਹਨਤਕਸ਼ਾਂ ਦੇ ਪ੍ਰੀਵਾਰਾਂ ਨੂੰ ਟਿਕਾਊ ਅਤੇ ਮੁਨਾਸਬ ਕੀਮਤਾਂ ਤੇ ਖਾਧ-ਪਦਾਰਥਾਂ ਦੀ ਪੂਰਤੀ ਯਕੀਨੀ ਬਣਾਈ ਜਾ ਸਕੇਗੀ। ਕੀ ਅਜੇਹਾ ਕਰਨ ਲਈ ਕੇਂਦਰੀ ਬੱਜਟ ਵਿੱਚ ਖਾਧ ਸਬਸਿਡੀ ਨੂੰ ਵਧਾਉਣਾ ਪਏਗਾ? ਹਾਂ, ਜਰੂਰ ਵਧਾਉਣਾ ਪਏਗਾ। ਲੰਬੇ ਤੌਰ ਤੇ, ਜੇਕਰ ਕਿਸਾਨਾਂ ਨੂੰ ਸਹਿਕਾਰੀ ਸੰਸਥਾਵਾਂ ਅੰਦਰ ਇਕੱਠੇ ਕਰਕੇ, ਖਾਧ ਵਸਤਾਂ ਦੇ ਉਤਪਾਦਨ ਅਤੇ ਉਤਪਾਦਕਤਾ (ਪੈਦਾਵਾਰ ਅਤੇ ਝਾੜ) ਨੂੰ ਵਧਾਉਣ ਉੱਤੇ ਉਚਿਤ ਧਿਆਨ ਦਿੱਤਾ ਜਾਂਦਾ ਹੈ, ਤਾਂ ਬੱਜਟ ਵਿੱਚ ਖਾਧ ਵਸਤਾਂ ਲਈ ਸਬਸਿਡੀ ਦੀ ਜਰੂਰਤ ਖਤਮ ਕੀਤੀ ਜਾ ਸਕਦੀ ਹੈ। ਫੌਰੀ ਸੰਦਰਭ ਵਿੱਚ ਮਜ਼ਦੂਰਾਂ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਖਾਧ ਸਬਸਿਡੀ ਨੂੰ ਵਧਾਇਆ ਜਾਵੇ। ਖਾਧ ਸਬਸਿਡੀ 'ਚ ਏਨਾ ਵਾਧਾ ਕੀਤਾ ਜਾਵੇ ਕਿ ਇੱਕ ਅਧੁਨਿਕ ਅਤੇ ਸਰਵਾਵਿਆਪਕ ਸਰਵਜਨਕ ਵਿਤਰਣ ਪ੍ਰਣਾਲੀ ਚਲਾਈ ਜਾ ਸਕੇ, ਸਿਰਫ ਕਣਕ ਅਤੇ ਚੌਲਾਂ ਲਈ ਹੀ ਨਹੀਂ, ਬਲਕਿ ਦਾਲ, ਤੇਲਾਂ, ਖੰਡ ਅਤੇ ਹੋਰ ਸਾਰੀਆਂ ਜਰੂਰੀ ਖਾਧ ਸਮੱਗਰੀਆਂ ਲਈ ਵੀ।

ਸਰਮਾਏਦਾਰਾਂ ਦੇ ਬੁਲਾਰੇ, ਜਰੂਰ ਇਹ ਕਹਿਣਗੇ ਕਿ ਖਾਧ ਸਬਸਿਡੀ ਵਧਾਉਣ ਲਈ ਅਤੇ ਸਰਵਜਨਕ ਵਿਤਰਣ ਪ੍ਰਣਾਲੀ ਦਾ ਵਿਸਥਾਰ ਕਰਨ ਲਈ, ਸਰਕਾਰ ਕੋਲ ਪੈਸਾ ਨਹੀਂ ਹੈ। ਇਹਦੇ ਜਵਾਬ ਵਿੱਚ, ਮਜ਼ਦੂਰ ਜਮਾਤ ਨੂੰ ਪੈਸਾ ਜੁਟਾਉਣ ਦੇ ਠੋਸ ਪ੍ਰਸਤਾਵ ਪੇਸ਼ ਕਰਨੇ ਪੈਣਗੇ।

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਨੇ, 1998 'ਚ ਅਪਨਾਏ ਗਏ ਆਪਣੇ ਪ੍ਰੋਗਰਾਮ ਵਿੱਚ, ਮਿਹਨਤਕਸ਼ ਲੋਕਾਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਧੰਨ ਜੁਟਾਉਣ ਦੇ ਤਿੰਨ ਬੁਨਿਆਦੀ ਪ੍ਰਸਤਾਵ ਪੇਸ਼ ਕੀਤੇ ਸਨ। ਇਹ ਤਿੰਨੋ ਪ੍ਰਸਤਾਵ ਅੱਜ ਵੀ ਪੂਰੀ ਤਰ੍ਹਾਂ ਲਾਗੂ ਹੁੰਦੇ ਹਨ ਅਤੇ ਤਰਕ-ਸੰਗਤ ਹਨ:

- ਅਗਲੀ ਸੂਚਨਾ ਤਕ, ਸਾਰੇ ਸ਼ਾਹੂਕਾਰ ਸੰਸਥਾਨਾ ਨੂੰ ਵਿਆਜ਼ ਦਾ ਭੁਗਤਾਨ ਕਰਨਾ ਬੰਦ ਕਰ ਦਿੱਤਾ ਜਾਵੇ;
- ਹਥਿਆਰਾਂ ਅਤੇ ਫੌਜੀ ਵਿਸਥਾਰ ਉੱਤੇ ਵੱਡੇ ਅਣ-ਉਤਪਾਦਕ ਖਰਚ 'ਚ ਕਟੌਤੀ ਕੀਤੀ ਜਾਵੇ; ਅਤੇ

ਬਾਕੀ ਸਫਾ 18 'ਤੇ

## ਖਾਣ ਵਾਲੀਆਂ ਚੀਜ਼ਾਂ ਦੀ ਮੁਦਰਾਸਫੀਤੀ (ਮਹਿੰਗਾਈ):

# ਕੀਮਤਾਂ ਉੱਚੀਆਂ ਕਿਉਂ ਹਨ ਤੇ ਇਸ ਸਮੱਸਿਆ ਦਾ ਹੱਲ ਕੀ ਹੈ?

ਪਿਛਲੇ ਕਰੀਬ ਇਕ ਵਰ੍ਹੇ ਤੋਂ ਚਾਵਲ, ਕਣਕ, ਦਾਲ, ਖੰਡ, ਅੰਡੇ, ਦੁੱਧ, ਪਿਆਜ਼ ਤੇ ਆਲੂ ਵਰਗੀਆਂ ਜ਼ਰੂਰੀ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ 'ਚ ਵਾਧੇ ਦੇ ਕਾਰਨ, ਮਜ਼ਦੂਰ ਵਰਗ ਅਤੇ ਮਿਹਨਤਕਸ਼ਾਂ ਦੇ ਪਰਿਵਾਰਾਂ ਦਾ ਜੀਵਨ ਦੁਭਰ ਹੋ ਗਿਆ ਹੈ। ਇਕ ਵਰ੍ਹਾ ਪਹਿਲਾਂ, ਜੋ ਤੇਜ਼ੀ ਨਾਲ ਮਹਿੰਗਾਈ ਵਧਣੀ ਸ਼ੁਰੂ ਹੋਈ, ਉਹ ਅੱਜ ਵੀ ਜਾਰੀ ਹੈ ਅਤੇ ਖਾਧ-ਵਸਤਾਂ ਦੀ ਮੁਦਰਾ ਸਫੀਤੀ ਦੀ ਦਰ 20 ਫੀਸਦੀ ਤੋਂ ਵੀ ਜ਼ਿਆਦਾ ਹੋ ਗਈ ਹੈ। ਇਸਦਾ ਮਤਲਬ ਹੈ ਕਿ ਜੋ ਪਰਿਵਾਰ ਮਹੀਨਾਵਾਰ ਤਨਖਾਹ ਲੈਂਦੇ ਹਨ ਜਾਂ ਸੇਵਾ ਮੁਕਤੀ 'ਤੇ ਨਿਸ਼ਚਿਤ ਆਮਦਨੀ ਲੈਂਦੇ ਹਨ, ਉਨ੍ਹਾਂ ਦੀ ਆਮਦਨ ਦੇ ਮੁੱਲ ਉੱਤੇ ਡਾਕਾ ਪਿਆ ਹੈ। ਜਿਥੇ ਤੱਕ ਕਿ ਜਿਨ੍ਹਾਂ ਮਜ਼ਦੂਰਾਂ ਨੂੰ 10 ਤੋਂ 15 ਫੀਸਦੀ ਤਨਖਾਹ 'ਚ ਵਾਧਾ ਮਿਲਿਆ ਹੈ, ਉਹ ਵੀ ਅੱਜ, ਖਾਣ ਵਾਲੀਆਂ ਚੀਜ਼ਾਂ ਨੂੰ ਖਰੀਦਣ ਦੀ ਤਾਕਤ 'ਚ ਪਿਛਲੇ ਵਰ੍ਹੇ ਦੇ ਮੁਕਾਬਲੇ ਗਰੀਬ ਹੋਏ ਹਨ।

ਮਜ਼ਦੂਰ ਵਰਗ ਨੂੰ, ਜੋ ਅੱਜ ਲਗਾਤਾਰ ਵਧਦੀਆਂ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਨਾਲ ਜੂਝ ਰਿਹਾ ਹੈ, ਉਸ ਨੂੰ ਸਮਝਣਾ ਹੋਵੇਗਾ ਕਿ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ਤੇ ਇਸ ਗੰਭੀਰ ਸਮੱਸਿਆ ਦਾ ਹੱਲ ਕਿਸ ਤਰ੍ਹਾਂ ਹੋ ਸਕਦਾ ਹੈ। ਦਾਲ, ਚਾਵਲ, ਆਲੂ, ਪਿਆਜ਼ ਜਾਂ ਸਬਜ਼ੀਆਂ 'ਚ ਜੁਲਾਈ 2009 ਤੋਂ ਵਧਦੀਆਂ ਕੀਮਤਾਂ ਦਾ ਸੋਕਾ ਜਾਂ ਹੜ੍ਹ, ਇਕ ਅੰਸ਼ਕ ਕਾਰਣ ਹੋ ਸਕਦੇ ਹਨ। ਇਹ ਇੰਨੇ ਸਾਰੇ ਖਾਣ ਵਾਲੇ ਪਦਾਰਥਾਂ ਦੀਆਂ ਲੰਮੇ ਸਮੇਂ ਤੋਂ ਵਧ ਰਹੀਆਂ ਕੀਮਤਾਂ ਨੂੰ ਸਮਝਾਉਣ ਲਈ ਕਾਫ਼ੀ ਨਹੀਂ ਹਨ।

ਇਸ ਦਾ ਮੁੱਢਲਾ ਕਾਰਣ ਅਰਥ ਵਿਵਸਥਾ 'ਚ ਹਾਵੀ ਪੂੰਜੀਵਾਦੀ ਉਤਪਾਦਨ ਸਬੰਧ ਹਨ, ਜਿਨ੍ਹਾਂ 'ਚ ਖੇਤੀ ਉਤਪਾਦਨ ਤੇ ਖੇਤੀ ਉਤਪਾਦਾਂ ਦਾ ਵਪਾਰ ਸ਼ਾਮਿਲ ਹੈ।

### ਖਾਣ ਵਾਲੇ ਪਦਰਾਥਾਂ ਦੇ ਉਤਪਾਤਨ 'ਚ ਸਮੱਸਿਆਵਾਂ

ਜੇਕਰ ਅਸੀਂ ਪਿਛਲੇ 15 ਵਰ੍ਹਿਆਂ ਦੇ ਉਤਪਾਦਨ ਦੇ ਅੰਕੜਿਆਂ ਦੀ ਜਾਂਚ ਕਰੀਏ ਤੇ 2009-10 ਤੇ ਇਸਦੇ ਅੱਗੇ ਦੇ ਖਾਣ ਵਾਲੇ ਪਦਾਰਥਾਂ ਦੀ ਮੰਗ ਦੇ ਅੰਦਾਜ਼ੇ ਦੀ ਤੁਲਨਾ ਉਤਪਾਦਨ ਨਾਲ ਕਰੀਏ ਤਾਂ ਸਾਨੂੰ ਦਿਸੇਗਾ ਕਿ ਜਾਂ ਤਾਂ ਉਤਪਾਦਨ ਮੰਗ ਤੋਂ ਥੋੜ੍ਹਾ ਘੱਟ ਹੈ ਜਾਂ ਥੋੜ੍ਹਾ ਜ਼ਿਆਦਾ ਹੈ। ਅਸਲੀਅਤ 'ਚ ਬੁਨਿਆਦੀ ਖਾਣ ਵਾਲੇ ਪਦਾਰਥਾਂ ਦੀ ਮੰਗ ਦਾ ਅੰਦਾਜ਼ਾ ਘੱਟ ਲਾਇਆ ਗਿਆ ਹੈ ਕਿਉਂਕਿ ਇਸ ਸੱਚਾਈ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਕਿ ਆਪਣੇ ਮਿਹਨਤਕਸ਼ ਲੋਕਾਂ 'ਚੋਂ ਇਕ ਵੱਡਾ ਹਿੱਸਾ ਕਿਸ ਤਰ੍ਹਾਂ ਜੀਅ ਰਿਹਾ ਹੈ, ਉਹ ਜ਼ਰੂਰੀ ਖਾਣ ਵਾਲੇ ਪਦਾਰਥਾਂ ਤੋਂ ਵਾਂਝਾ ਹੈ ਤੇ ਕੁਪੋਸ਼ਣ ਦਾ ਸ਼ਿਕਾਰ ਹੈ। ਇਸਦਾ ਅੰਦਾਜ਼ਾ ਇਕ ਸਿਹਤਮੰਦ ਅਬਾਦੀ ਦੇ ਅਨੁਸਾਰ ਨਹੀਂ ਲਗਾਇਆ ਗਿਆ ਹੈ।

ਚੀਜ਼ਾਂ ਦੇ ਉਦਯੋਗਿਕ ਉਤਪਾਦਨ ਦੇ ਮੁਕਾਬਲੇ, ਖੇਤੀ ਉਤਪਾਦਨ 'ਚ ਜ਼ਰੂਰੀ ਸਮਾਜਿਕ ਮਜ਼ਦੂਰੀ 'ਚ ਇੰਨੀ ਘਾਟ ਨਹੀਂ ਹੋਈ ਜਿੰਨੀ ਉਦਯੋਗਿਕ ਉਤਪਾਦਨ 'ਚ, ਖੇਤੀ ਦੇ ਇਕ ਸੀਮਤ ਖੇਤਰ ਨੂੰ ਛੱਡ ਕੇ, ਜਿਸ 'ਚ ਮਸ਼ੀਨਾਂ ਦੀ ਮਦਦ ਨਾਲ ਵੱਡੇ ਪੱਧਰ'ਤੇ ਪੂੰਜੀਵਾਦੀ ਖੇਤੀ ਹੁੰਦੀ ਹੈ, ਤਕਨੀਕੀ ਤੇ ਵਿਗਿਆਨਕ ਉਪਲੱਬਧੀਆਂ ਦਾ ਪ੍ਰਯੋਗ ਹੁੰਦਾ ਹੈ ਤੇ ਕੁਝ ਸਿੰਚਾਈ ਵੀ ਸੁਨਿਸ਼ਚਿਤ ਹੈ, ਬਾਕੀ ਸਭ ਖੇਤੀ ਖੇਤਰਾਂ 'ਚ ਉਤਪਾਦਕਤਾ 'ਚ ਬਹੁਤ ਘੱਟ ਤਰੱਕੀ ਹੋਈ ਹੈ।

ਜਿਥੇ-ਜਿਥੇ ਯੰਤਰਾਂ ਤੇ ਮਜ਼ਦੂਰਾਂ ਦੇ ਆਧਾਰ 'ਤੇ ਪੂੰਜੀਵਾਦੀ ਖੇਤੀ ਤੇ ਆਲੇ ਦੁਆਲੇ ਬਹੁਤ ਛੋਟੀ ਤੋਂ ਛੋਟੀ ਜ਼ਮੀਨ ਵਾਲੀ ਖੇਤੀ ਹੈ, ਛੋਟੇ ਕਿਸਾਨਾਂ ਨੂੰ ਓਨੇ ਹੀ ਮੁੱਲ ਦੇ ਉਤਪਾਦਨ ਲਈ ਦੁੱਗਣੀ ਮਿਹਨਤ ਕਰਨੀ ਪੈਂਦੀ ਹੈ। ਇਸਦਾ ਕਾਰਣ ਹੈ ਕਿ ਉਨ੍ਹਾਂ ਨੂੰ ਜ਼ਿਆਦਾ ਉਤਪਾਦਕਤਾ ਵਾਲੀ ਖੇਤੀ ਦੇ ਨਾਲ ਮੁਕਾਬਲਾ ਕਰਨਾ ਪੈਂਦਾ ਹੈ ਜੋ ਉਤਪਾਦਾਂ ਦੇ ਮੁੱਲ ਨੂੰ ਹੇਠਾਂ ਡੇਗਦਾ ਹੈ। ਇਸ ਦੇ ਨਾਲ, ਛੋਟੇ ਕਿਸਾਨਾਂ ਨੂੰ ਆਪਣੇ ਉਤਪਾਦਾਂ ਦੀ ਵਿਕਰੀ ਨਾਲ ਉਨ੍ਹਾਂ ਦੇ ਵੱਲੋਂ ਉਤਪਾਦਤ ਮੁੱਲ ਲੈਣਾ ਯਕੀਨੀ ਨਹੀਂ ਹੁੰਦਾ, ਕਿਉਂਕਿ ਵੱਡੀਆਂ ਕੰਪਨੀਆਂ ਤੇ ਥੋਕ ਦੇ ਵਪਾਰੀ ਆਪਣੇ ਏਕਾਧਿਕਾਰ ਨਾਲ ਖੇਤੀ ਉਤਪਾਦਾਂ ਦੀਆਂ ਕੀਮਤਾਂ ਨੂੰ ਹੇਠਾਂ ਧਕੇਲ ਦਿੰਦੇ ਹਨ।

ਪੂੰਜੀਵਾਦੀ ਅਰਥਵਿਵਸਥਾ 'ਚ ਜੇਕਰ ਕਿਸੇ ਖੇਤਰ 'ਚ ਕੀਮਤਾਂ ਵਧਦੀਆਂ ਹਨ ਤਾਂ ਚੀਜ਼ਾਂ ਤੋਂ ਮੁਨਾਫਾ ਵੀ ਵਧਦਾ ਹੈ ਤੇ ਉਸ ਖੇਤਰ 'ਚ ਪੂੰਜੀ ਨਿਵੇਸ਼ ਹੁੰਦਾ ਹੈ। ਜਦ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਇਹ ਤਰਕਸੰਗਤ ਹੈ ਕਿ ਕਿਸਾਨ ਉਨ੍ਹਾਂ ਦਾ ਉਤਪਾਦਨ ਵਧਾਣਾ ਚਾਹੁਣਗੇ ਤਾਂਕਿ ਉਨ੍ਹਾਂ ਦੀ ਆਮਦਨ ਵਧੇ। ਇਸ ਤਰ੍ਹਾਂ ਉਨ੍ਹਾਂ ਕਿਸਾਨਾਂ ਲਈ ਸੰਭਵ ਹੈ ਜੋ ਚੰਗੀ ਜ਼ਮੀਨ, ਸਿੰਚਾਈ ਤੇ ਤਕਨੀਕੀ ਜਾਣਕਾਰੀ ਨਾਲ ਭਰਪੂਰ ਹੁੰਦੇ ਹਨ ਅਤੇ ਪੂੰਜੀ, ਇਕ ਫਸਲ ਤੋਂ ਦੂਸਰੀ ਜ਼ਿਆਦਾ ਫਾਇਦੇਮੰਦ ਫਸਲ ਲਗਾਉਣ ਲਈ ਲਗ ਜਾਂਦੀ ਹੈ (ਉਦਾਹਰਣ ਲਈ ਗੰਨਾ, ਕਪਾਹ ਤੇ ਦੂਸਰੀਆਂ ਵਪਾਰਕ ਫਸਲਾਂ)।

ਜਿਥੇ ਵੀ ਕਿਸਾਨਾਂ ਦੀ ਬਰਬਾਦੀ ਹੁੰਦੀ ਹੈ ਉਥੇ ਜ਼ਰੂਰੀ ਤੌਰ 'ਤੇ ਉਸ ਫਸਲ ਦੀ ਕੀਮਤ 'ਚ ਗਿਰਾਵਟ ਆਉਂਦੀ ਹੈ। ਪਰ ਦੂਸਰੀਆਂ ਫਸਲਾਂ 'ਚ ਜਿਥੇ ਰਾਜ ਨੇ ਕਿਸਾਨਾਂ ਲਈ ਸਮਰਥਨ ਮੁੱਲ ਯਕੀਨੀ ਨਹੀਂ ਕੀਤੇ ਹਨ, ਜਿਸ ਤਰ੍ਹਾਂ ਕਿ ਦਾਲਾਂ 'ਚ, ਪੂੰਜੀ ਨਿਵੇਸ਼ ਨਹੀਂ ਹੋਇਆ, ਸਮਾਂ ਬੀਤਣ 'ਤੇ ਵੀ ਦਾਲਾਂ ਦੇ ਉਤਪਦਨ ਦੀ ਕਮੀ ਘੱਟ ਨਹੀਂ ਹੋਈ ਹੈ। ਪਿਛਲੇ ਦਸ ਵਰ੍ਹਿਆਂ ਤੋਂ ਦਾਲਾਂ ਦਾ ਸਾਲਾਨਾ ਉਤਪਾਦਨ ਕਰੀਬ 150 ਲੱਖ ਟਨ 'ਤੇ ਹੀ ਅਟਕਿਆ ਹੋਇਆ ਹੈ। ਦਾਲ ਦੀ ਵਧਦੀ ਮੰਗ ਪੂਰੀ ਕਰਨ ਲਈ ਦਰਾਮਦ ਦਾ ਸਹਾਰਾ ਲਿਆ ਗਿਆ ਹੈ। ਦਾਲਾਂ ਦੀ ਬਰਾਮਦ 1998-99 ਦੇ 4.6 ਲੱਖ ਟਨ ਤੋਂ ਵਧ ਕੇ 2008-09 'ਚ 20 ਲੱਖ ਟਨ ਤੋਂ ਵੀ ਜ਼ਿਆਦਾ ਹੋ ਗਈ ਹੈ।

### ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ 'ਚ ਵਾਧੇ ਨਾਲ ਉਤਪਾਦਕ ਹੋਰ ਜ਼ਿਆਦਾ ਗਰੀਬ

ਆਮ ਤੌਰ 'ਤੇ, ਕੀਮਤਾਂ 'ਚ ਵਾਧੇ ਦਾ ਲਾਭ ਕਿਸਾਨਾਂ ਨੂੰ ਨਹੀਂ ਮਿਲ ਰਿਹਾ ਹੈ। ਇਕ ਪੂੰਜੀਵਾਦੀ ਅਰਥਵਿਵਸਥਾ 'ਚ, ਚੀਜ਼ਾਂ ਦੀਆਂ ਕੀਮਤਾਂ 'ਚ ਵਾਧਾ, ਉਨ੍ਹਾਂ ਦੇ ਉਤਪਾਦਨ 'ਤੇ ਅਧਾਰਤ ਹੁੰਦਾ ਹੈ --ਘੱਟ ਸਘਣਤਾ ਵਾਲੇ ਉਤਪਾਦਨ ਦੀਆਂ ਚੀਜ਼ਾਂ ਦੇ ਮੁਕਾਬਲੇ ਜ਼ਿਆਦਾ ਸਘਣਤਾ ਵਾਲੀਆਂ ਉਤਪਾਦਨ ਦੀਆਂ ਚੀਜ਼ਾਂ ਦੇ ਭਾਅ ਜ਼ਿਆਦਾ ਵਧਦੇ ਹਨ। ਜ਼ਿਆਦਾਤਰ ਕਿਸਾਨਾਂ ਦੇ ਉਤਪਾਦਨ ਦੀ ਸਥਿਤੀ ਉਲਟ ਹੁੰਦੀ ਹੈ, ਕਿਉਂਕਿ ਉਹ ਵੱਡੀ ਸੰਖਿਆ 'ਚ ਅਲਗ-ਅਲਗ ਉਤਪਾਦਕ ਹੁੰਦੇ ਹਨ ਨਾ ਕਿ ਏਕਾਧਿਕਾਰੀ ਉਤਪਾਦਕ।

ਆਪਣੀ ਪੈਦਾਵਾਰ ਦੇ ਅਨੇਕਾਂ ਖਰੀਦਦਾਰਾਂ ਦੇ ਨਾਲ ਕਿਸਾਨ ਵਪਾਰ ਕਰਦੇ ਹਨ। ਕਿਸਾਨ ਜੋ ਮਿਹਨਤ ਕਰਕੇ ਖੇਤੀ ਦਾ ਉਤਪਾਦਨ ਕਰਦੇ ਹਨ, ਆਮ ਤੌਰ 'ਤੇ, ਪੈਦਾ ਕੀਤੇ ਮੁੱਲ ਦਾ ਇਕ ਛੋਟਾ ਜਿਹਾ ਹਿੱਸਾ ਹੀ ਲੈ ਸਕਦੇ ਹਨ। ਵਪਾਰ 'ਚ ਸ਼ੋਸ਼ਣ ਦਾ ਪੱਧਰ ਵਪਾਰ ਸਬੰਧ 'ਚ ਅਸਮਾਨਤਾ ਦੇ ਪੱਧਰ 'ਤੇ ਨਿਰਭਰ ਕਰਦਾ ਹੈ। ਮਤਲਬ ਕਿ ਕਿੰਨੇ ਵੱਡੇ ਏਕਾਧਿਕਾਰੀ ਵਪਾਰੀ ਨਾਲ ਕਿਸਾਨ ਵਪਾਰ ਕਰਦੇ ਹਨ। ਇਸ ਪੱਖ 'ਚ ਸਰਬਜਨਕ ਖਰੀਦੀ ਤੇ ਸ਼ਹਿਰੀ ਮਿਹਨਤਕਸ਼ਾਂ ਲਈ ਫੁਟਕਰ ਸਰਬਜਨਕ ਵੰਡ ਦੀ ਭੂਮਿਕਾ ਖੇਤੀ ਉਤਪਾਦਕਾਂ ਲਈ ਬਹੁਤ ਹੀ ਨਿਰਣਾਇਕ ਹੈ।

ਬਾਕੀ ਸਫਾ 18 'ਤੇ

# ਔਰਤਾਂ ਦੇ ਦਮਨ ਦਾ ਸ੍ਰੋਤ ਸ਼ੋਸ਼ਣ ’ਤੇ ਅਧਾਰਤ ਸਮਾਜ ਹੈ

8 ਮਾਰਚ, 2010 ਅੰਤਰਰਾਸ਼ਟਰੀ ਔਰਤ ਦਿਵਸ ਦੀ ਘੋਸ਼ਣਾ ਦੀ ਸ਼ਤਾਬਦੀ ਹੋਵੇਗੀ। ਆਪਣੇ ਹੱਕਾਂ ਤੇ ਸਮਾਜ ’ਚ ਸਨਮਾਨ ਲੈਣ ਲਈ ਦੁਨੀਆਂ ਦੀਆਂ ਔਰਤਾਂ ਦੇ ਸੰਘਰਸ਼ ਦੇ ਸੌ ਸਾਲ ਤੋਂ ਜ਼ਿਆਦਾ ਪੂਰੇ ਹੋਣ ਦੇ ਮੌਕੇ ’ਤੇ **ਮਜ਼ਦੂਰ ਏਕਤਾ ਲਹਿਰ** ਸਮਾਜ ’ਚ ਔਰਤਾਂ ਦੇ ਦਮਨ ਦੇ ਸ੍ਰੋਤ ਨੂੰ ਸਪੱਸ਼ਟ ਕਰਦੀ ਹੈ ਤੇ ਇਸ ਤਰ੍ਹਾਂ, ਇਸ ਦਮਨ ਨੂੰ ਖਤਮ ਕਰਨ ਦੀ ਦਿਸ਼ਾ ਦਿਖਾਉਂਦੀ ਹੈ।

ਸਦੀਆਂ ਤੋਂ ਚੱਲ ਰਹੇ ਔਰਤਾਂ ਦੇ ਦਮਨ ਲਈ ਕਈ ਕਾਰਣ ਦੱਸੇ ਜਾਂਦੇ ਹਨ। ਕਈ ਧਰਮਾਂ ਤੇ ਫਲਸਫਿਆਂ ਅਨੁਸਾਰ ਇਹ ਦੱਸਿਆ ਜਾਂਦਾ ਹੈ ਕਿ ਔਰਤਾਂ ਦੇ ਦਮਨ ਦੇ ਪਿੱਛੇ ਜੈਵਿਕ ਕਾਰਣ ਹਨ ਕਿਉਂਕਿ ਮਰਦ ਔਰਤਾਂ ਤੋਂ ਸਰੀਰਕ ਤੌਰ ’ਤੇ ਜ਼ਿਆਦਾ ਬਲਵਾਨ ਹਨ, ਇਸ ਲਈ ਔਰਤਾਂ ’ਤੇ ਮਰਦਾਂ ਦਾ ਹਾਵੀ ਹੋਣਾ ‘ਸੁਭਾਵਿਕ’ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਔਰਤਾਂ ਦਾ ਦਮਨ ਪ੍ਰਾਚੀਨ ਕਾਲ ਤੋਂ ਲਗਾਤਾਰ ਚੱਲਦਾ ਆਇਆ ਹੈ। ਇਸ ਤੋਂ ਇਹ ਨਤੀਜਾ ਕੱਢਿਆ ਜਾਂਦਾ ਹੈ ਕਿ ਔਰਤਾਂ ਦਾ ਦਮਨ ਹਮੇਸ਼ਾ ਹੀ ਹੁੰਦਾ ਰਿਹਾ ਹੈ ਤੇ ਹੁੰਦਾ ਰਹੇਗਾ ਕਿਉਂਕਿ ਇਹ ਸੁਭਾਵਿਕ ਹੈ।

ਮਾਰਕਸਵਾਦ ਦੀ ਮਹਾਨਤਾ ਇਸ ਗੱਲ ’ਚ ਹੈ ਕਿ ਇਸ ਨੇ ਮਾਨਵ ਸਮਾਜ ਦੇ ਵਿਕਾਸ ਦੀ ਵਿਗਿਆਨਕ ਸਮਝ ਦੇ ਅਧਾਰ ’ਤੇ ਇਨ੍ਹਾਂ ਧਾਰਨਾਵਾਂ ਨੂੰ ਗਲਤ ਸਾਬਿਤ ਕੀਤਾ ਹੈ। ਮਹਾਨ ਮਾਰਕਸਵਾਦੀ ਫ੍ਰੇਡਰਿਕ ਏਂਗਲਜ਼ ਨੇ, ਮਾਰਕਸ ਅਤੇ ਆਪਣੇ ਸਮੇਂ ਦੇ ਆਗੂ ਵਿਗਿਆਨੀਆਂ ਦੇ ਅਧਿਐਨਾਂ ਦੇ ਆਧਾਰ ’ਤੇ ਇਹ ਦੱਸਿਆ ਕਿ ਸਭ ਤੋਂ ਪਹਿਲਾਂ ਇਤਿਹਾਸਿਕ ਤੌਰ ’ਤੇ ਔਰਤਾਂ ਦਾ ਦਮਨ ਇਕ ਹਾਲ ਦੀ ਹੀ ਘਟਨਾ ਹੈ। ਪੁਰਾਣੇ ਸਮਾਜ ’ਚ ਔਰਤਾਂ ਦਾ ਰੁਤਬਾ ਅੱਜ ਤੋਂ ਕਿਤੇ ਹੀ ਜ਼ਿਆਦਾ ਉੱਚਾ ਸੀ। ਮਨੁੱਖੀ ਜੀਵਨ ਨੂੰ ਜਨਮ ਦੇਣ ਤੇ ਉਸ ਦਾ ਪਾਲਣ-ਪੋਸ਼ਣ ’ਚ ਤੇ ਜੀਵਨ ਲਈ ਜ਼ਰੂਰੀ ਭੌਤਿਕ ਸਾਧਨਾਂ ਦੇ ਉਤਪਾਦਨ ’ਚ ਮਰਦਾਂ ਦੇ ਬਰਾਬਰ ਦੇ ਸਾਂਝੇਦਾਰ ਦੇ ਤੌਰ ’ਤੇ, ਔਰਤਾਂ ਦਾ ਸਮਾਜ ’ਚ ਬਹੁਤ ਮਹੱਤਵਪੂਰਣ ਤੇ ਸਨਮਾਨਜਨਕ ਥਾਂ ਸੀ। ਕਈ ਸਦੀਆਂ ਦੌਰਾਨ ਆਰਥਕ ਤੇ ਸਮਾਜਿਕ ਖੇਤਰ ’ਚ ਅਲਗ-ਅਲਗ ਗਤੀਵਿਧੀਆਂ ਦੇ ਕਾਰਣ, ਜਿਨ੍ਹਾਂ ਦੇ ਬਾਰੇ ਏਂਗਲਜ਼ ਨੇ ਵਿਸਥਾਰਪੂਰਵਕ ਦੱਸਿਆ ਹੈ ਕਿ ਔਰਤਾਂ ਨੇ ਆਪਣਾ ਉਹ ਸਨਮਾਨਜਨਕ ਰੁਤਬਾ ਗੁਆ ਦਿੱਤਾ ਤੇ ਦਮਨ ਦਾ ਸ਼ਿਕਾਰ ਬਣ ਗਈਆਂ।

ਜੇਕਰ ਔਰਤਾਂ ਦਾ ਦਮਨ ਹਮੇਸ਼ਾ ਨਹੀਂ ਹੁੰਦਾ ਸੀ, ਜੇਕਰ ਕਿਸੇ ਸਮੇਂ ਸਮਾਜ ’ਚ ਔਰਤਾਂ ਦਾ ਸਨਮਾਨਜਨਕ ਥਾਂ ਸੀ ਤਾਂ ਇਹ ਨਤੀਜਾ ਨਿਕਲਦਾ ਹੈ ਕਿ ਸਮਾਜਿਕ ਹਾਲਤਾਂ ਨੂੰ ਬਦਲਿਆ ਵੀ ਜਾ ਸਕਦਾ ਹੈ ਤੇ ਔਰਤਾਂ ਦੇ ਦਮਨ ਨੂੰ ਖਤਮ ਕੀਤਾ ਜਾ ਸਕਦਾ ਹੈ।

ਆਪਣੀ ਪ੍ਰਮੁੱਖ ਰਚਨਾ, ‘ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ’ ’ਚ ਏਂਗਲਜ਼ ਦੱਸਦੇ ਹਨ ਕਿ ਔਰਤਾਂ ਦੇ ਦਮਨ ਦੀ ਜੜ੍ਹ ਨਿੱਜੀ ਜਾਇਦਾਦ ਦੀ ਉਤਪਤੀ ਤੇ ਵਰਗਾਂ ’ਚ ਸਮਾਜ ਦੀ ਵੰਡ ’ਚ ਹੈ। ਜਦ ਉਦਯੋਗਿਕ ਵਿਕਾਸ ਨਾਲ ਮਨੁੱਖ ਲਈ ਆਪਣੀ ਜ਼ਰੂਰਤ ਤੋਂ ਜ਼ਿਆਦਾ ਉਤਪਾਦਨ ਕਰਨਾ ਸੰਭਵ ਹੋ ਗਿਆ, ਤਦ ਸਮਾਜ ’ਚ ਨਾਬਰਾਬਰਤਾ ਉੱਭਰ ਕੇ ਸਾਹਮਣੇ ਆਉਣ ਲੱਗੀ। ਕੁਝ ਲੋਕਾਂ ਨੇ ਜ਼ਿਆਦਾ ਉਤਪਾਦਨ ਦਾ ਜ਼ਿਆਦਾ ਵੱਡਾ ਹਿੱਸਾ ਹਥਿਆਉਣ ਦਾ ਸਾਧਨ ਪ੍ਰਾਪਤ ਕਰ ਲਿਆ ਜਦਕਿ ਦੂਸਰਿਆਂ ਨੂੰ ਇਸ ਤੋਂ ਵਾਂਝਿਆਂ ਕਰ ਦਿੱਤਾ। ਇਹ ਨਿੱਜੀ ਜਾਇਦਾਦ (ਜ਼ਮੀਨ, ਪਸ਼ੂ, ਔਜ਼ਾਰ ਤੇ ਉਤਪਾਦਨ ਦੇ ਹੋਰ ਸਾਧਨ) ਤੇ ਵਰਗਾਂ ’ਚ ਸਮਾਜ ਦੇ ਬਟਵਾਰੇ ਦੀ ਸ਼ੁਰੂਆਤ ਸੀ-ਨਿੱਜੀ ਜਾਇਦਾਦ ਤੇ ਦੂਸਰਿਆਂ ਦੀ ਮਜ਼ਦੂਰੀ ਦੀ ਲੁੱਟ ਕਰਨ ਦੇ ਸਾਧਨਾਂ ਦੇ ਮਾਲਕਾਂ ਦਾ ਵਰਗ ਤੇ ਉਹ ਦੂਸਰਾ ਵਰਗ ਜਿਸਦੇ ਕੋਲ ਕੋਈ ਨਿੱਜੀ ਜਾਇਦਾਦ ਨਹੀਂ ਸੀ, ਜਿਸ ਨੂੰ ਜਿਊਣ ਲਈ ਆਪਣੀ ਮਜ਼ਦੂਰੀ ਨੂੰ ਵੇਚਣਾ ਪੈਂਦਾ ਸੀ।

ਇਸੇ ਪ੍ਰਕਿਰਿਆ ਨੇ ਸਮਾਜ ’ਚ ਔਰਤਾਂ ਦੇ ਸਥਾਨ ਤੇ ਪਰਿਵਾਰ ਦੇ ਰੂਪ ’ਤੇ ਵੀ ਆਪਣਾ ਅਸਰ ਪਾਇਆ। ਪ੍ਰਾਚੀਨ ਸਮਾਜਾਂ ’ਚ ਬੱਚਿਆਂ ਦਾ ਪਾਲਣ-ਪੋਸ਼ਣ ਤੇ ਖੁਸ਼ਹਾਲੀ ਸਮਾਜ ਦੇ ਸਾਰੇ ਮੈਂਬਰਾਂ ਦੀ ਜ਼ਿੰਮੇਵਾਰੀ ਸੀ। ਬੱਚਿਆਂ ਨੂੰ ਜਨਮ ਦੇਣ ਤੇ ਪਾਲਣ ਵਾਲੀ, ਔਰਤ ਨੂੰ ਅਤਿਅੰਤ ਸਨਮਾਨ ਦਾ ਸਥਾਨ ਦਿੱਤਾ ਜਾਂਦਾ ਸੀ। ਪਰ ਜਦ ਨਿੱਜੀ ਜਾਇਦਾਦ ਦੀ ਉਤਪਤੀ ਹੋਈ ਤਦ ਮਰਦ (ਜੋ ਮਜ਼ਦੂਰੀ ਦੀ ਸੁਭਾਵਿਕ ਵੰਡ ਦੇ ਚੱਲਦੇ, ਜ਼ਿਆਦਾ ਉਤਪਾਦਨ ਦੇ ਲਈ ਮੁੱਖ ਜ਼ਿੰਮੇਵਾਰ ਸੀ) ਨੂੰ ਨਿੱਜੀ ਜਾਇਦਾਦ, ਯਾਨੀ ਉਤਪਾਦਨ ਦੇ ਸਾਧਨਾਂ ਦਾ ਮਾਲਕ ਮੰਨਿਆ ਜਾਣ ਲੱਗਾ। ਜਿਨ੍ਹਾਂ ਦੇ ਕੋਲ ਨਿਜੀ ਜਾਇਦਾਦ ਸੀ ਇਹ ਯਕੀਨੀ ਬਨਾਉਣਾ ਕਿ ਜਾਇਦਾਦ ਆਪਣੇ ਹੀ ਖ਼ੂਨ ਦੇ ਵਾਰਿਸਾਂ ਦੇ ਹੱਥਾਂ ’ਚ ਜਾਏ, ਕਿਸੇ ਹੋਰ ਦੇ ਹੱਥਾਂ ਵਿਚ ਨਹੀਂ। ਇਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਉਤਪਾਦਨ ਨੂੰ ਹਥਿਆਉਣ ਦੀ ਭੂਮਿਕਾ ਤੇ ਨਿੱਜੀ ਜਾਇਦਾਦ ਦੇ ਮਾਲਕ ਦੀ ਭੂਮਿਕਾ ਮਰਦ ਦੀ ਬਣੀ, ਜਦਕਿ ਔਰਤਾਂ ਦੀ ਮੁੱਖ ਭੂਮਿਕਾ ਜਨਮ-ਦਾਤਾ ਦੇ ਰੂਪ ’ਚ ਮੰਨੀ ਜਾਣ ਲੱਗੀ, ਜਿਨ੍ਹਾਂ ਦੇ ਜੀਵਨ ਦਾ ਇਕ ਮਾਤਰ ਉਦੇਸ਼ ਸੀ ਉਨ੍ਹਾਂ ਬੱਚਿਆਂ ਨੂੰ ਜਨਮ ਦੇਣਾ ਜੋ ਆਪਣੇ ਪਿਤਾ ਦੀ ਜਾਇਦਾਦ ਦੇ ਵਾਰਿਸ ਹੋ ਸਕਣ।

ਜਿਸ ਤਰ੍ਹਾਂ ਉਤਪਾਦਨ ਦੀ ਪ੍ਰਕਿਰਿਆ ’ਚ ਤਰੱਕੀ ਦੇ ਨਾਲ-ਨਾਲ, ਮਾਨਵ ਸਮਾਜ ਅਲਗ-ਅਲਗ ਪੜਾਵਾਂ ਵਿਚੋਂ ਲੰਘਦਾ ਗਿਆ-ਗੁਲਾਮੀ, ਜਗੀਰਦਾਰੀ ਤੇ ਅੰਤ ’ਚ ਪੂੰਜੀਵਾਦੀ ਸਮਾਜ-ਉਸ ਤਰ੍ਹਾਂ ਨਿੱਜੀ ਜਾਇਦਾਦ ਦਾ ਰੂਪ ਵੀ ਬਦਲਦਾ ਗਿਆ, ਪਹਿਲਾਂ ਗੁਲਾਮ, ਫਿਰ ਪਸ਼ੂ, ਖੇਤੀ ਔਜ਼ਾਰ ਆਦਿ, ਫਿਰ ਹੋਰ ਅੱਗੇ ਵਧ ਕੇ ਉਤਪਾਦਨ ਦੇ ਵਧੀਆ ਤੋਂ ਵਧੀਆ ਸਾਧਨ, ਮਸ਼ੀਨਰੀ ਤੇ ਪੂੰਜੀ। ਇਨ੍ਹਾਂ ਵਿਚੋਂ ਹਰੇਕ ਪੜਾਅ ਇਕ ਵਰਗ ਵੱਲੋਂ ਦੂਸਰੇ ਵਰਗ ਦੇ ਸ਼ੋਸ਼ਣ ’ਤੇ ਅਧਾਰਤ ਸੀ ਤੇ ਇਸ ਦੇ ਨਾਲ-ਨਾਲ ਪਰਿਵਾਰ ਦਾ ਰੂਪ ਵੀ ਬਦਲਦਾ ਗਿਆ, ਪਰ ਮਰਦ ਨਿਜੀ ਜਾਇਦਾਦ ਦਾ ਮਾਲਕ ਮੰਨਿਆ ਜਾਂਦਾ ਰਿਹਾ, ਜਦਕਿ ਔਰਤ ਦਾ ਦਰਜਾ ਮਰਦ ਤੋਂ ਹੇਠਾਂ ਹੀ ਰਿਹਾ।

ਹਿੰਦੁਸਤਾਨੀ ਸਮਾਜ ’ਚ ਬ੍ਰਾਹਮਣਵਾਦੀ ਪ੍ਰਥਾ ਤੇ ਜਾਤੀ ਪ੍ਰਥਾ ਨੇ ਔਰਤਾਂ ’ਤੇ ਬਹੁਤ ਅੱਤਿਆਚਾਰ ਕੀਤਾ। ਨਿੱਜੀ ਜਾਇਦਾਦ ਤੇ ਸਮਾਜ ਵੱਲੋਂ ਜਾਤ ਦੇ ਆਧਾਰ ’ਤੇ ਮਰਦ ਨੂੰ ਨਿਯੁਕਤ ਕੀਤਾ ਗਿਆ। ਕੰਮ ਪਿਓ ਤੋਂ ਪੁੱਤਰ ਨੂੰ ਵੰਸ਼ ਦੇ ਅਧਾਰ ਵਾਲੇ ਤਰੀਕੇ ਨਾਲ ਦਿੱਤਾ ਜਾਣ ਲੱਗਾ। ਨਾਲ ਦੇ ਨਾਲ, ਔਰਤਾਂ ਨੂੰ ਸਿਰਫ਼ ਘਰ ’ਚ ਹੀ ਅੱਤਿਆਚਾਰ ਦਾ ਸਾਹਮਣਾ ਨਹੀਂ ਕਰਨਾ ਪਿਆ ਬਲਕਿ ਨੀਵੀਂ ਜਾਤੀ ਦੀਆਂ ਔਰਤਾਂ ਨੂੰ ਉੱਚੀ ਜਾਤੀ ਦੇ ਮਰਦਾਂ ਦੇ ਹੱਥੋਂ ਸ਼ੋਸ਼ਣ ਦਾ ਸਾਹਮਣਾ ਵੀ ਕਰਨਾ ਪਿਆ। ਇਸ ਦੇ ਨਾਲ-ਨਾਲ ਹਾਕਮ ਵਰਗ (ਰਾਜਾ, ਬ੍ਰਾਹਮਣ ਆਦਿ), ਜੋ ਉਤਪਾਦਨ ਕਰਨ ਵਾਲੇ ਵਰਗ ਦੇ ਜ਼ਿਆਦਾ ਉਤਾਪਦਨ ਨੂੰ ਹਥਿਆ ਕੇ ਜਿਊਂਦੇ ਸਨ, ਉਤਪਾਦਕ ਵਰਗ ਦਾ ਸ਼ੋਸ਼ਣ ਕਰਦੇ ਰਹੇ। 15-16ਵੀਂ ਸਦੀਆਂ ਦੇ ਭਗਤੀ ਅੰਦੋਲਨ ਦੌਰਾਨ ਇਨ੍ਹਾਂ ਸਾਰੇ ਤਰ੍ਹਾਂ ਦੇ ਹਾਕਮਾਂ ਖਿਲਾਫ਼ ਔਰਤਾਂ ਤੇ ਮਰਦਾਂ ਨੇ ਬਗਾਵਤ ਕੀਤੀ ਸੀ। ਉਪਨਿਵੇਸ਼ਵਾਦੀ ਸ਼ਾਸਨ ਤੇ ਉਸ ਦੇ ਨਾਲ-ਨਾਲ ਹਿੰਦੁਸਤਾਨ ’ਚ ਪੂੰਜੀਵਾਦ ਦੇ ਵਿਕਾਸ ’ਚ ਸ਼ੋਸ਼ਣ ਦੇ ਇਨ੍ਹਾਂ ਭਿਆਨਕ ਤਰੀਕਿਆਂ ਨੂੰ ਮਿਟਾਇਆ ਨਹੀਂ ਗਿਆ। ਬਲਕਿ ਪੂੰਜੀਪਤੀ ਵਰਗ ਦੇ ਮੁਨਾਫਿਆਂ ਨੂੰ ਯਕੀਨੀ ਬਨਾਉਣ ਲਈ ਮਿਹਨਤਕਸ਼ ਔਰਤਾਂ ਤੇ ਮਰਦਾਂ ਦੇ ਸ਼ੋਸ਼ਣ ਨੂੰ ਹੋਰ ਤੇਜ਼ ਕਰਨ ਦੇ ਮੰਤਵ ਨਾਲ, ਸ਼ੋਸ਼ਣ ਦੇ ਇਨ੍ਹਾਂ ਸਾਰੇ ਤਰੀਕਿਆਂ ਨੂੰ ਬਰਕਰਾਰ ਰੱਖਿਆ ਜਾਂਦਾ ਰਿਹਾ।

ਅਖੀਰ ’ਚ ਜਿਸ ਤਰ੍ਹਾਂ ਦੇ ਇਕ ਪਰਿਵਾਰ ਦਾ ਵਿਕਾਸ ਹੋਇਆ, ਜਿਸ ਤਹਿਤ ਔਰਤ ਆਪਣੇ ਸਹੁਰਿਆਂ ਦੀ ਚਾਰਦੀਵਾਰੀ ਦੇ ਅੰਦਰ ਬੰਦ ਹੋ ਗਈ, ਉਹ ਪੂਰੇ ਸਮਾਜ ਲਈ ਪਰਿਵਾਰ ਦਾ

ਨਮੂਨਾ ਬਣ ਗਿਆ, ਉਨ੍ਹਾਂ ਪਰਿਵਾਰਾਂ ਲਈ ਵੀ, ਜਿਨ੍ਹਾਂ ਦੀ ਕੋਈ ਨਿੱਜੀ ਜਾਇਦਾਦ ਨਹੀਂ ਸੀ ਤੇ ਜੋ ਆਪਣੀ ਮਜ਼ਦੂਰੀ ਵੇਚ ਕੇ ਜਿਉਂਦੇ ਸਨ। ਔਰਤਾਂ ਦਾ ਇਹ ਦਮਨ ਅੱਜ ਤੱਕ ਜਾਰੀ ਹੈ। ਇਸ ਦੇ ਆਧਾਰ 'ਤੇ ਕਈ ਪਹਿਲੂਆਂ ਨੂੰ ਸਮਝਿਆ ਜਾ ਸਕਦਾ ਹੈ, ਜਿਸ ਤਰ੍ਹਾਂ ਕਿ ਬਾਹਰਲੀ ਦੁਨੀਆ ਤੋਂ ਔਰਤਾਂ ਦਾ ਅਲਗਵਾਦ, ਪਰਿਵਾਰ ਤੇ ਸਮਾਜ 'ਚ ਔਰਤਾਂ ਦੀ ਭੂਮਿਕਾ, ਔਰਤਾਂ 'ਤੇ ਸਰੀਰਕ ਅੱਤਿਆਚਾਰ, ਆਦਿ।

ਮਾਰਕਸਵਾਦ ਨੇ ਇਹ ਦਿਖਾਇਆ ਹੈ ਕਿ ਹਾਲਾਂਕਿ ਸਦੀਆਂ ਤੋਂ ਭੌਤਿਕੀ ਤੇ ਉਦਯੋਗਿਕ ਤਰੱਕੀ ਹੁੰਦੀ ਰਹੀ ਹੈ ਤੇ ਇਸਦੇ ਨਾਲ-ਨਾਲ ਇਕ ਤਰ੍ਹਾਂ ਦਾ ਸਮਾਜ ਦੂਸਰੇ ਤਰ੍ਹਾਂ ਦੇ ਸਮਾਜ ਨੂੰ ਬਦਲਦਾ ਰਿਹਾ ਹੈ, ਪਰ 20ਵੀਂ ਸਦੀ 'ਚ ਸਮਾਜਵਾਦ ਦੀ ਸਥਾਪਨਾ ਹੋਣ ਤੋਂ ਪਹਿਲਾਂ ਦੇ ਇਹ ਸਾਰੇ ਤਰ੍ਹਾਂ ਦੇ ਸਮਾਜ ਇਨਸਾਨ ਵੱਲੋਂ ਇਨਸਾਨ ਦੇ ਸ਼ੋਸ਼ਣ 'ਤੇ ਅਧਾਰਤ ਸਮਾਜ ਸਨ। ਪੂੰਜੀਵਾਦ ਦੇ ਤਹਿਤ, ਹਾਕਮ ਪੂੰਜੀਪਤੀ ਵਰਗ ਨੂੰ ਆਪਣੇ ਮੁਨਾਫੇ ਵਧਾਉਣ ਲਈ ਜ਼ਿਆਦਾ ਤੋਂ ਜ਼ਿਆਦਾ ਸੰਖਿਆ 'ਚ ਔਰਤਾਂ ਨੂੰ ਆਪਣੇ ਘਰਾਂ ਤੋਂ ਫੈਕਟਰੀਆਂ, ਦਫ਼ਤਰਾਂ 'ਚ ਲਿਆਉਣਾ ਪਿਆ। ਕਝ_ਹੱਦ ਤੱਕ ਔਰਤਾਂ ਨੂੰ ਸਿੱਖਿਆ ਵੀ ਦੇਣੀ ਪਈ, ਹਾਲਾਂਕਿ ਹਿੰਦੁਸਤਾਨ ਵਰਗੇ ਸਮਾਜ 'ਚ ਔਰਤਾਂ ਸਿੱਖਿਆ ਦੇ ਮਾਮਲੇ 'ਚ ਕਾਫੀ ਪਿੱਛੇ ਹਨ। ਔਰਤਾਂ ਦੇ ਸੰਘਰਸ਼ ਦੇ ਫਲਸਰੂਪ, ਹਾਕਮ ਪੂੰਜੀਪਤੀ ਵਰਗ ਨੂੰ ਵੋਟ ਦਾ ਅਧਿਕਾਰ ਤੇ ਸਰਕਾਰੀ ਨੀਤੀਆਂ 'ਚ ਕੁਝ ਰਿਆਇਤਾਂ ਵਰਗੇ ਥੋੜ੍ਹੇ ਜਿਹੇ ਹੱਕ ਔਰਤਾਂ ਨੂੰ ਦੇਣੇ ਪਏ। ਕੀ ਇਸ ਨਾਲ ਔਰਤਾਂ ਦਾ ਸ਼ੋਸ਼ਣ ਖਤਮ ਹੋਇਆ ਹੈ। ਨਹੀਂ! ਬਲਕਿ ਪੂੰਜੀਵਾਦੀ ਸਮਾਜ 'ਚ ਅੱਜ ਔਰਤਾਂ ਦੋਹਰੇ ਸ਼ੋਸ਼ਣ ਦਾ ਸ਼ਿਕਾਰ ਹਨ-ਮਜ਼ਦੂਰ ਦੇ ਤੌਰ'ਤੇ ਸ਼ੋਸ਼ਣ ਦਾ ਸ਼ਿਕਾਰ ਤੇ ਸਮਾਜ ਤੇ ਘਰ 'ਚ ਪੁਰਾਣੇ ਤਰੀਕੇ ਦੇ ਦਮਨ ਤੇ ਭੇਦਭਾਵ ਦਾ ਸ਼ਿਕਾਰ।

ਹਿੰਦੁਸਤਾਨੀ ਸਮਾਜ 'ਚ ਔਰਤਾਂ ਜਾਤੀਵਾਦੀ ਦਮਨ ਤੇ ਜਗੀਰੂ ਸ਼ੋਸ਼ਣ ਦਾ ਸ਼ਿਕਾਰ ਅੱਜ ਵੀ ਹਨ। ਨਾਲ ਦੇ ਨਾਲ ਔਰਤਾਂ ਮਜ਼ਦੂਰ ਦੇ ਤੌਰ 'ਤੇ ਪੂੰਜੀਵਾਦੀ ਸ਼ੋਸ਼ਣ ਦਾ ਸ਼ਿਕਾਰ ਵੀ ਹਨ। ਪੂੰਜੀਪਤੀਆਂ ਦਾ ਰਾਜ ਔਰਤਾਂ ਦੇ ਹਰ ਪਾਸਿਓਂ ਦਮਨ ਨੂੰ ਜਾਇਜ਼ ਠਹਿਰਾਉਂਦਾ ਹੈ, ਵੱਡੇ ਅਪਰਾਧੀ ਤਰੀਕੇ ਨਾਲ ਉਸ ਨੂੰ ਲਾਗੂ ਕਰਦਾ ਹੈ ਤੇ ਉਸ ਦੇ ਜ਼ਰੀਏ ਸਮਾਜ ਦੇ ਸਾਰੇ ਦੱਬੇ-ਕੁਚਲੇ ਤਬਕਿਆਂ ਨੂੰ ਦਬਾਉਂਦਾ ਹੈ। ਔਰਤਾਂ ਨੂੰ ਮਜ਼ਦੂਰ ਵਰਗ ਦਾ ਅਤਿ-ਸ਼ੋਸ਼ਤ ਤਬਕਾ ਬਣਾਏ ਰੱਖਣਾ, ਜਿਨ੍ਹਾਂ ਦੀਆਂ ਹਾਲਤਾਂ ਸੰਪੂਰਨ ਮਜ਼ਦੂਰ ਵਰਗ ਦੀਆਂ ਤਨਖਾਹਾਂ ਤੇ ਕੰਮ ਦੇ ਹਲਾਤਾਂ ਨੂੰ ਹੇਠਾਂ ਰੱਖਣ ਦਾ ਬਹਾਨਾ ਬਣਾਈਆਂ ਜਾਂਦੀਆਂ ਹਨ, ਇਹ ਪੂੰਜੀਪਤੀਆਂ ਲਈ ਬਹੁਤ ਜ਼ਰੂਰੀ ਹੈ। ਇਸ ਲਈ ਔਰਤਾਂ ਦਾ ਸ਼ੋਸ਼ਣ ਤੇ ਦਮਨ ਅੱਜ ਵੀ ਜਾਰੀ ਹੈ ਤੇ ਇਕ ਅੰਤਰਰਾਸ਼ਟਰੀ ਮੁੱਦਾ ਹੈ, ਜੋ ''ਆਗੂ'' ਪੂੰਜੀਵਾਦੀ ਦੇਸ਼ਾਂ ਤੇ ਘੱਟ ਆਗੂ ਦੇਸ਼ਾਂ, ਜਿਥੇ-ਜਿਥੇ ਮਨੁੱਖੀ ਸ਼ੋਸ਼ਣ ਮੌਜੂਦ ਹੈ, ਉਥੇ-ਉਥੇ ਦੇਖਣ 'ਚ ਆਉਂਦਾ ਹੈ।

ਹਿੰਦੁਸਤਾਨ 'ਚ ਤੇ ਸਾਰੀ ਦੁਨੀਆਂ 'ਚ ਔਰਤਾਂ ਸ਼ੋਸ਼ਣ ਤੇ ਦਮਨ ਦੇ ਖਿਲਾਫ਼ ਤੇ ਸਮਾਜ ਦੇ ਬਰਾਬਰੀ ਦੇ ਮੈਂਬਰ ਦੇ ਤੌਰ 'ਤੇ ਬਰਾਬਰ ਹੱਕਾਂ ਲਈ ਸੰਘਰਸ਼ ਕਰਦੀਆਂ ਰਹੀਆਂ ਹਨ। ਪਰ ਹਾਕਮ ਵਰਗ ਔਰਤਾਂ ਦੇ ਦਮਨ ਦੇ ਅਸਲੀ ਸ੍ਰੋਤ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਤੇ ਆਮ ਮਰਦਾਂ ਨੂੰ ਔਰਤਾਂ ਦਾ ਦੁਸ਼ਮਣ ਬਣਾਉਂਦੇ ਰਹਿੰਦੇ ਹਨ।

ਮਾਰਕਸ ਤੇ ਏਂਗਲਜ਼ ਦੀਆਂ ਰਚਨਾਵਾਂ ਦੇ ਅਧਿਅਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਮ ਮਰਦ ਔਰਤਾਂ ਦੇ ਦਮਨ ਦਾ ਸ੍ਰੋਤ ਨਹੀਂ ਹਨ। ਔਰਤਾਂ ਦੀ ਲੁੱਟ ਸਮਾਜ 'ਚ ਇਕ ਵਰਗ ਵੱਲੋਂ ਦੂਸਰੇ ਵਰਗ ਦੀ ਲੁੱਟ ਦੇ ਨਾਲ ਸ਼ੁਰੂ ਹੋਇਆ, ਨਿੱਜੀ ਜਾਇਦਾਦ ਦੇ ਨਾਲ, ਉਤਪਾਦਨ ਦੇ ਸਾਧਨਾਂ ਦੇ ਥੋੜ੍ਹੇ ਲੋਕਾਂ ਦੀ ਮਾਲਕੀ 'ਚ ਹੋ ਜਾਣ ਦੇ ਨਾਲ ਤੇ ਸਮਾਜ ਦੇ ਜ਼ਿਆਦਾ ਲੋਕਾਂ ਦੀ ਗਰੀਬੀ ਨਾਲ ਸ਼ੁਰੂ ਹੋਇਆ। ਅੱਜ ਵੀ ਆਪਣੇ ਪਰਿਵਾਰਾਂ ਨੂੰ ਚਲਾਉਣ ਲਈ ਔਰਤਾਂ ਨੂੰ ਘਰ 'ਚ ਜੋ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਤੇ ਮਿਹਨਤਕਸ਼ ਔਰਤਾਂ ਨੂੰ ਜੋ ਘੱਟ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਦੇ ਜ਼ਰੀਏ ਪੂੰਜੀਪਤੀ ਸਾਰੇ ਮਜ਼ਦੂਰ ਵਰਗ ਦੀ ਲੁੱਟ ਹੋਰ ਤੇਜ਼ ਕਰਦੇ ਹਨ। ਔਰਤ ਮਜ਼ਦੂਰਾਂ ਨੂੰ ਘੱਟ ਤਨਖਾਹਾਂ ਦੇ ਕੇ ਪੂਰੇ ਮਜ਼ਦੂਰ ਵਰਗ ਦੀਆਂ ਤਨਖਾਹਾਂ ਨੂੰ ਹੇਠਾਂ ਰੱਖਿਆ ਜਾਂਦਾ ਹੈ। ਪੂੰਜੀਪਤੀ ਮਜ਼ਦੂਰ ਤੇ ਉਸਦੇ ਪਰਿਵਾਰ ਨੂੰ ਮੁਸ਼ਕਿਲ ਨਾਲ ਦੋ ਵਕਤ ਦੀ ਰੋਟੀ ਲਈ ਮਜ਼ਦੂਰੀ ਦਿੰਦਾ ਹੈ ਪਰ ਮਜ਼ਦੂਰ ਦੇ ਜਿਉਣ ਤੇ ਫਿਰ ਤੋਂ ਕੰਮ 'ਤੇ ਆਉਣ ਲਈ ਔਰਤ ਵੱਲੋਂ ਘਰ 'ਚ ਕੀਤੀ ਗਈ ਮਿਹਨਤ ਨੂੰ ਪੂੰਜੀਵਾਦੀ ਸਮਾਜ 'ਚ ਕੋਈ ਮਾਨਤਾ ਨਹੀਂ ਦਿੱਤੀ ਜਾਂਦੀ, ਨਾ ਹੀ ਉਸਦਾ ਕੋਈ ਹਿਸਾਬ-ਕਿਤਾਬ ਹੁੰਦਾ ਹੈ।

ਇਹ ਸਪੱਸ਼ਟ ਹੋ ਜਾਂਦਾ ਹੈ ਕਿ ਦਮਨ ਨਾਲ ਔਰਤਾਂ ਦੀ ਮੁਕਤੀ ਦੀ ਮੂਲ ਸ਼ਰਤ ਇਹ ਹੈ ਕਿ ਇਕ ਵਰਗ ਵੱਲੋਂ ਦੂਸਰੇ ਵਰਗ ਦੀ ਲੁੱਟ ਤੇ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਜਾਇਦਾਦ ਨੂੰ ਖਤਮ ਕੀਤਾ ਜਾਵੇ। ਉਸ ਨੂੰ ਖਤਮ ਕਰਕੇ ਜੋ ਸਮਾਜ ਬਣੇਗਾ, ਉਹ ਸਮਾਜਵਾਦ ਦਾ ਸਮਾਜ ਹੈ। ਅੱਜ ਮਨੁੱਖੀ ਸਮਾਜ ਇਕ ਇਸ ਤਰ੍ਹਾਂ ਦੇ ਪੜਾਅ 'ਤੇ ਪਹੁੰਚਿਆ ਹੈ ਜਦਕਿ ਇਕ ਵਰਗ ਵੱਲੋਂ ਦੂਸਰੇ ਦੀ ਲੁੱਟ, ਬਾਕੀ ਸਮਾਜ ਨੂੰ ਵਾਂਝਿਆ ਕਰਕੇ ਇਕ ਵਰਗ ਵੱਲੋਂ ਨਿੱਜੀ ਜਾਇਦਾਦ ਤੇ ਮੁਨਾਫਿਆਂ ਨੂੰ ਹਥਿਆਉਣਾ, ਔਰਤਾਂ ਦਾ ਦਮਨ- ਇਹ ਸਭ ਸਮਾਜ ਦੀ ਉਤਪਾਦਕ ਯੋਗਤਾ ਦੇ ਅੱਗੇ ਵਧਣ ਦੇ ਰਸਤੇ 'ਚ ਰੁਕਾਵਟ ਬਣ ਗਈ ਹੈ। ਜੇਕਰ ਸਮਾਜ ਨੇ ਅੱਗੇ ਵਧਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਲੁੱਟ ਰਹਿਤ ਤੇ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਜਾਇਦਾਦ ਨੂੰ ਖਤਮ ਕਰਨਾ ਹੋਵੇਗਾ। ਔਰਤਾਂ ਤੇ ਮਰਦਾਂ ਨੂੰ ਮਿਲ ਕੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਖਤਮ ਕਰਨ ਲਈ ਤੇ ਸਮਾਜਵਾਦ ਦੀ ਸਥਾਪਨਾ ਲਈ ਸੰਘਰਸ਼ ਕਰਨਾ ਹੋਵੇਗਾ। ਸਮਾਜਵਾਦ ਹੀ ਸਮਾਜ 'ਚ ਔਰਤਾਂ ਨੂੰ ਆਪਣਾ ਸਨਮਾਨ, ਮੁਕਤੀ ਤੇ ਬਰਾਬਰਤਾ ਦੁਆ ਸਕਦਾ ਹੈ। ■


**ਵਕਤ ਦੀ ਪੁਕਾਰ, ਜਾਣੀ ਕਿ ਹਿੰਦੋਸਤਾਨ ਦੇ ਨਵ-ਨਿਰਮਾਣ ਨੂੰ ਸਮਰਪਤ ਮੈਗਜ਼ੀਨ**



**ਗ਼ਦਰ ਜਾਰੀ ਹੈ**

**ਹਿੰਦੀ ਅਤੇ ਅੰਗਰੇਜ਼ੀ 'ਚ**

ਸਹਾਇਤਾ ਰਾਸ਼ੀ - 25 ਰੁ: (35 ਰੁ: ਡਾਕ ਖਰਚ ਸਮੇਤ),ਵਿਦੇਸ਼ - 20 ਅਮਰੀਕੀ ਡਾਲਰ
ਸਲਾਨਾ(4ਅੰਕ) - 100 ਰੁ: (140 ਰੁ: ਡਾਕ ਖਰਚ ਸਮੇਤ) ਵਿਦੇਸ਼ -80 ਅਮਰੀਕੀ ਡਾਲਰ
ਹਯਾਤੀ ਸਹਾਇਤਾ -1000ਰੁ: ਜਾਂ ਅਧਿਕ, ਵਿਦੇਸ਼ - 200 ਅਮਰੀਕੀ ਡਾਲਰ ਜਾਂ ਅਧਿਕ
ਕਾਪੀਆਂ ਲਈ ਸੰਪਰਕ ਕਰੋ: ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020

# ਔਰਤਾਂ ਦੀ ਮੁਕਤੀ ਦਾ ਸੰਘਰਸ਼ ਹਮੇਸ਼ਾਂ ਮਜ਼ਦੂਰ ਵਰਗ



ਇਹ ਵਰ੍ਹਾ ਇਕ ਮਹੱਤਵਪੂਰਣ ਘਟਨਾ-ਅੰਤਰਰਾਸ਼ਟਰੀ ਔਰਤ ਦਿਵਸ ਦੀ ਘੋਸ਼ਣਾ-ਦੀ ਸ਼ਤਾਬਦੀ ਹੈ। 1910 'ਚ, ਕੋਪੇਨਹੇਗਨ, ਡੈਨਮਾਰਕ 'ਚ, ਸਮਾਜਵਾਦੀ ਔਰਤਾਂ ਦੀ ਅੰਤਰਰਾਸ਼ਟਰੀ ਗੋਸ਼ਟੀ 'ਚ ਜਰਮਨੀ ਦੀ ਸਮਾਜਵਾਦੀ ਨੇਤਾ ਕਲਾਰਾ ਜੇਟਕਿਨ ਨੇ ਇਹ ਪ੍ਰਸਤਾਵ ਰੱਖਿਆ ਸੀ ਕਿ ਔਰਤਾਂ ਦੇ ਹੱਕਾਂ ਤੇ ਉਨ੍ਹਾਂ ਦੀ ਮੁਕਤੀ ਦੇ ਸੰਘਰਸ਼ ਨੂੰ ਮਾਨਤਾ ਦੇਣ ਲਈ ਇਕ ਅੰਤਰਰਾਸ਼ਟਰੀ ਔਰਤ ਦਿਵਸ ਮਨਾਇਆ ਜਾਵੇ। ਗੋਸ਼ਟੀ 'ਚ ਇਹ ਪ੍ਰਸਤਾਵ ਬੜੇ ਜੋਸ਼ੋ-ਖਰੋਸ਼ ਨਾਲ ਪਾਸ ਕੀਤਾ ਗਿਆ। ਇਸ ਗੋਸ਼ਟੀ ਤੋਂ ਪਹਿਲਾਂ, ਕਈ ਵਰ੍ਹਿਆਂ ਤੋਂ ਦੁਨੀਆ ਤੋਂ ਅਲਗ-ਅਲਗ ਸ਼ਹਿਰਾਂ 'ਚ ਅਲਗ ਅਲਗ ਖੇਤਰਾਂ ਦੀਆਂ ਔਰਤ ਮਜ਼ਦੂਰ ਆਪਣੀ ਲੁੱਟ ਖਿਲਾਫ਼, ਬੜੀ ਬਹਾਦਰੀ ਨਾਲ ਜਥੇਬੰਦ ਹੋ ਕੇ ਸੰਘਰਸ਼ ਕਰ ਰਹੀਆਂ ਸਨ। ਨਿਊਯਾਰਕ 'ਚ 1857 'ਚ 8 ਮਾਰਚ ਨੂੰ ਔਰਤ ਕੱਪੜਾ ਮਜ਼ਦੂਰਾਂ ਨੇ ਇਕ ਬਹਾਦਰਾਨਾ ਸੰਘਰਸ਼ ਕੀਤਾ ਸੀ, ਜਿਸ ਦੀ ਯਾਦ 'ਚ 8 ਮਾਰਚ ਨੂੰ ਅੰਤਰਰਾਸ਼ਟਰੀ ਔਰਤ ਦਿਵਸ ਦੇ ਰੂਪ 'ਚ ਚੋਣ ਕੀਤੀ ਹੈ।

ਬੀਤੀ ਸ਼ਤਾਬਦੀ ਦੌਰਾਨ, ਔਰਤਾਂ ਦੇ ਹੱਕਾਂ ਤੇ ਮੁਕਤੀ ਲਈ ਸੰਘਰਸ਼ ਇਸ ਹੱਦ ਤੱਕ ਅੱਗੇ ਵਧ ਚੁੱਕਿਆ ਹੈ ਕਿ ਔਰਤਾਂ 'ਤੇ ਜਬਰ ਕਰਨ ਵਾਲਿਆਂ ਨੂੰ ਖੁਦ ਹੀ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਰੂਪ 'ਚ ਮਨਾਉਣ ਦਾ ਦਿਖਾਵਾ ਕਰਨਾ ਪਿਆ ਹੈ। ਅਜਿਹਾ ਕਰਕੇ ਹਾਕਮ ਅੰਤਰਰਾਸ਼ਟਰੀ ਔਰਤ ਦਿਵਸ ਦੇ ਅਸਲੀ ਮਹੱਤਵ ਤੇ ਇਤਿਹਾਸ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਦਿਨ ਦੀ ਸ਼ੁਰੂਆਤ ਪੂੰਜੀਵਾਦੀ ਸ਼ੋਸ਼ਣ ਖਿਲਾਫ਼ ਮਿਹਨਤਕਸ਼ ਔਰਤਾਂ ਦੇ ਜੁਝਾਰੂ ਸੰਘਰਸ਼ ਨਾਲ ਹੋਈ ਸੀ ਤੇ ਇਸਦਾ ਸਮਾਜਵਾਦ ਲਈ ਸੰਘਰਸ਼ ਨਾਲ ਗਹਿਰਾ ਸਬੰਧ ਹੈ।

ਔਰਤਾਂ ਦੇ ਦਮਨ ਤੇ ਜੀਵਨ ਦੇ ਹਰ ਪਹਿਲੂ 'ਚ ਉਨ੍ਹਾਂ ਨਾਲ ਭੇਦ-ਭਾਵ ਦੀ ਜੜ ਇਕ ਜਮਾਤ ਵੱਲੋਂ ਦੂਸਰੀ ਜਮਾਤ ਦੇ ਸ਼ੋਸ਼ਣ ਤੇ ਨਿੱਜੀ ਪੂੰਜੀ ਦੀ ਸਥਾਪਤੀ 'ਚ ਹੈ। ਪੂੰਜੀਵਾਦੀ ਸ਼ੋਸ਼ਣ ਵਿਵਸਥਾ 'ਚ ਔਰਤਾਂ 'ਤੇ ਬੋਝ ਹੋਰ ਵਧ ਗਿਆ ਹੈ। ਪਰ ਪੂੰਜੀਵਾਦ ਦੇ ਤਹਿਤ ਜੋ ਮੌਜੂਦਾ ਸਮਾਜੀਕ੍ਰਿਤ ਉਤਪਾਦਨ ਹੁੰਦਾ ਹੈ, ਉਸ 'ਚ ਬਹੁਤ ਜ਼ਿਆਦਾ ਸੰਖਿਆ 'ਚ ਔਰਤਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ, ਮਰਦਾਂ ਨਾਲ ਜਥੇਬੰਦ ਹੋ ਕੇ, ਸ਼ੋਸ਼ਣ ਖਿਲਾਫ਼ ਸੰਘਰਸ਼ ਕਰਨ ਦਾ ਮੌਕਾ ਵੀ ਮਿਲਿਆ ਹੈ। 19ਵੀਂ ਸਦੀ 'ਚ ਔਰਤਾਂ ਦੀ ਮੁਕਤੀ ਦਾ ਸੰਘਰਸ਼ ਹੋਰ ਮਜ਼ਬੂਤ ਹੋਇਆ ਹੈ। ਜਦ ਪੈਰਿਸ ਕਮਿਊਨ 'ਚ ਮਜ਼ਦੂਰ ਵਰਗ ਨੇ ਆਪਣੀ ਸੱਤਾ ਕਾਇਮ ਕਰਨ ਦੀ ਪਹਿਲੀ ਕੋਸ਼ਿਸ਼ ਕੀਤੀ ਤਾਂ ਮਿਹਨਤਕਸ਼ ਔਰਤਾਂ ਨੇ ਭਾਰੀ ਸੰਖਿਆ 'ਚ ਅੱਗੇ ਆ ਕੇ ਉਸ 'ਚ ਹਿੱਸਾ ਲਿਆ। ਕਈ ਦੇਸ਼ਾਂ 'ਚ ਵਿਗਿਆਨਕ ਵਿਚਾਰਾਂ ਤੋਂ ਚੇਤੰਨ ਔਰਤਾਂ ਕਮਿਊਨਿਜ਼ਮ ਦੇ ਸਿਧਾਂਤ ਤੇ ਪ੍ਰੋਗਰਾਮ ਦੀ ਹਿਫਾਜ਼ਤ ਲਈ ਅੱਗੇ ਆਈਆਂ। ਉਨ੍ਹਾਂ ਨੇ ਸਮਾਜਵਾਦ ਲਈ ਮਜ਼ਦੂਰ ਵਰਗ ਦੇ ਸੰਘਰਸ਼ ਨੂੰ ਔਰਤਾਂ ਦੀ ਮੁਕਤੀ ਦਾ ਰਸਤਾ ਮੰਨਿਆ।

ਅੰਤਰਰਾਸ਼ਟਰੀ ਔਰਤ ਦਿਵਸ ਦੇ ਐਲਾਨ ਦੇ ਕੁਝ ਹੀ ਵਰ੍ਹਿਆਂ ਬਾਅਦ ਰੂਸ 'ਚ ਅਕਤੂਬਰ ਇਨਕਲਾਬ ਦੀ ਜਿੱਤ ਤੇ ਸਮਾਜਵਾਦ ਦੀ ਸਥਾਪਨਾ ਨਾਲ ਔਰਤਾਂ ਦੇ ਸੰਘਰਸ਼ ਨੂੰ ਬਹੁਤ ਹੁਲਾਰਾ ਮਿਲਿਆ। ਉਸ ਤੋਂ ਪਹਿਲਾਂ, ਸਭ ਤੋਂ ਮੋਹਰੀ ਪੂੰਜੀਵਾਦੀ ਦੇਸ਼ਾਂ 'ਚ ਵੀ ਕਾਨੂੰਨ ਅਨੁਸਾਰ ਔਰਤਾਂ ਤੇ ਮਰਦਾਂ ਨੂੰ ਬਰਾਬਰ ਦਾ ਦਰਜਾ ਨਹੀਂ ਮੰਨਿਆ ਦਿੱਤਾ ਸੀ। ਅਮਰੀਕਾ ਦੇ ਬਹੁਚਰਚਿਤ ਜੇਫਰਸਨਵਾਦੀ ਲੋਕਤੰਤਰ 'ਚ ਵੀ ਸਿਰਫ਼ ਜਾਇਦਾਦ ਵਾਲੇ ਗੋਰੇ ਮਰਦਾਂ ਨੂੰ ਹੀ ਵੋਟ ਪਾਉਣ ਦਾ ਹੱਕ ਸੀ। ਰਾਜਨੀਤਿਕ ਹੱਕਾਂ ਦੇ ਖੇਤਰ 'ਚ ਪਰਿਵਾਰ, ਵਿਆਹ ਤੇ ਆਪਣੀ ਜਾਇਦਾਦ ਸਬੰਧੀ ਕਾਨੂੰਨਾਂ 'ਚ ਨੂੰ ਔਰਤਾਂ ਨੂੰ ਮਰਦਾਂ ਦੀ ਤੁਲਨਾ 'ਚ ਨੀਵਾਂ ਦਰਜਾ ਦਿੱਤਾ ਗਿਆ।

ਪਰ ਸੋਵੀਅਤ ਯੂਨੀਅਨ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਦੇ ਰਾਜ ਨੇ ਥੋੜ੍ਹੇ ਹੀ ਸਮੇਂ 'ਚ ਉਹ ਹਾਸਲ ਕਰ ਦਿਖਾਇਆ ਜੋ ਦੂਸਰੇ ਦੇਸ਼ਾਂ ਦੇ ਪੂੰਜੀਵਾਦੀ ਰਾਜ ਇੰਨੇ ਲੰਮੇ ਅਰਸੇ ਤੱਕ ਕਰਨ 'ਚ ਅਸਫ਼ਲ ਰਹੇ-ਉਸ ਨੇ ਕਾਨੂੰਨੀ ਤੇ ਰਾਜਨੀਤਿਕ ਖੇਤਰ 'ਚ ਔਰਤਾਂ ਦੀ ਨਾਬਰਾਬਰਤਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਤੇ ਹਰ ਖੇਤਰ 'ਚ ਔਰਤਾਂ ਨੂੰ ਮਿਹਨਤਕਸ਼ ਮਰਦਾਂ ਦੇ ਬਰਾਬਰ ਹੱਕ ਤੇ ਸਹੂਲਤਾਂ ਪ੍ਰਾਪਤ ਹੋਈਆਂ। ਸਮਾਜਵਾਦੀ ਕਾਨੂੰਨ ਅਨੁਸਾਰ ਲੁੱਟ ਕਰਨ ਵਾਲਿਆਂ ਨੂੰ ਰਾਜਨੀਤਕ ਹੱਕਾਂ ਤੋਂ ਵਾਂਝਿਆ ਕੀਤਾ ਗਿਆ, ਜਦਕਿ ਸੱਤਾ ਸਰਬਉੱਚ ਤਾਕਤ ਮਜ਼ਦੂਰਾਂ, ਕਿਸਾਨਾਂ ਤੇ ਸੈਨਿਕਾਂ ਦੇ ਸੋਵੀਅਤਾਂ ਦੇ ਹੱਥਾਂ 'ਚ ਸੌਂਪੀ ਗਈ। ਦੁਨੀਆ ਇਹ ਦੇਖ ਸਕੀ ਕਿ ਸਿਰਫ ਇਸ ਤਰ੍ਹਾਂ ਦੀ ਮਜ਼ਦੂਰ ਵਰਗ ਦੀ ਸੱਤਾ ਹੀ ਔਰਤਾਂ ਦੇ ਦਮਨ ਦੀਆਂ ਜੰਜ਼ੀਰਾਂ ਤੋੜਨ 'ਚ ਰੁਚੀ ਰੱਖਦੀ ਹੈ।

ਸਮਾਜਵਾਦੀ ਰਾਜ ਨੇ ਔਰਤਾਂ ਦੀ ਆਰਥਕ ਤੇ ਸਮਾਜਿਕ ਬਰਾਬਰਤਾ ਨੂੰ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ, ਜਿਸ ਤੋਂ ਬਗੈਰ ਔਰਤਾਂ ਆਪਣੇ ਜਿੱਤੇ ਹੋਏ ਰਾਜਨੀਤਕ ਤੇ ਕਾਨੂੰਨੀ ਹੱਕਾਂ ਦਾ ਪੂਰਾ ਆਨੰਦ ਨਹੀਂ ਮਾਣ ਸਕਦੀਆਂ ਸਨ। ਸਮਾਜਵਾਦੀ ਰਾਜ ਨੇ ਇਸ ਕੰਮ 'ਚ ਆਪਣੀ ਪੂਰੀ ਤਾਕਤ ਤੇ ਸਾਧਨ ਲਾਏ। ਉਤਪਾਦਕ ਰੁਜ਼ਗਾਰ ਲੈਣ ਦਾ ਔਰਤਾਂ ਦਾ ਹੱਕ ਯਕੀਨੀ ਬਣਾਇਆ ਗਿਆ, ਜਿਸ ਨਾਲ ਔਰਤਾਂ ਨੂੰ ਆਰਥਕ ਆਜ਼ਾਦੀ ਮਿਲੀ।

ਇਕ-ਦੋ ਪੀੜ੍ਹੀਆਂ ਦੇ ਚੱਲਦੇ ਸੋਵੀਅਤ ਔਰਤਾਂ ਤੇ ਮੁਟਿਆਰਾਂ ਨੇ ਮਰਦਾਂ ਦੇ ਬਰਾਬਰ ਸਿੱਖਿਆ ਪੱਧਰ ਪ੍ਰਾਪਤ ਕਰ ਲਿਆ। ਸੋਵੀਅਤ ਸੰਘ ਔਰਤ

# ਦੇ ਸਮਾਜਵਾਦ ਲਈ ਸੰਘਰਸ਼ ਨਾਲ ਜੁੜਿਆ ਰਿਹਾ ਹੈ





ਡਾਕਟਰਾਂ, ਇੰਜੀਨੀਅਰਾਂ, ਸਿਖਿਆਰਥੀਆਂ, ਮਜ਼ਦੂਰਾਂ, ਉੱਚ ਵਿਗਿਆਨਕ ਤੇ ਉਦਯੋਗਿਕ ਕਰਮਚਾਰੀਆਂ ਦੀ ਵਿਸ਼ਾਲ ਸੈਨਾ ਲਈ ਦੁਨੀਆਂ 'ਚ ਪ੍ਰਸਿੱਧ ਹੋ ਗਿਆ। ਔਰਤਾਂ ਤੇ ਬੱਚਿਆਂ ਦੀ ਖਾਸ ਸਿਹਤ ਜ਼ਰੂਰਤਾਂ ਦੀ ਦੇਖਭਾਲ ਲਈ ਹਰ ਮੁਹੱਲੇ 'ਚ ਹਸਪਤਾਲ ਤੇ ਸਿਹਤ ਕੇਂਦਰ ਖੋਲ੍ਹੇ ਗਏ। ਕ੍ਰੇਚ, ਸ਼ਿਸ਼ੂ ਪਾਲਨ ਕੇਂਦਰ ਤੇ ਹੋਰ ਸਮਾਜਿਕ ਤੇ ਖੇਡਾਂ ਦੀਆਂ ਸਹੂਲਤਾਂ ਨੂੰ ਸਥਾਪਿਤ ਕਰਨਾ ਰਾਜ ਦੀ ਜ਼ਿੰਮੇਵਾਰੀ ਸੀ, ਜਿਸ ਨਾਲ ਮਿਹਤਕਸ਼ ਔਰਤਾਂ ਨੂੰ ਬੱਚੇ ਪਾਲਣ ਤੇ ਘਰ ਸੰਭਾਲਣ ਦੇ ਕੰਮ ਦਾ ਬੋਝ ਹਲਕਾ ਹੋਇਆ। ਪ੍ਰਸ਼ਾਸਨਿਕ ਕੰਮਾਂ ਚ ਵੱਡੀ ਸੰਖਿਆ 'ਚ ਔਰਤਾਂ ਨੂੰ ਲਿਆਂਦਾ ਗਿਆ ਤੇ ਹਰ ਪੱਧਰ 'ਤੇ ਉਨ੍ਹਾਂ ਨੂੰ ਜਥੇਬੰਦ ਕਰਨ 'ਤੇ ਧਿਆਨ ਦਿੱਤਾ ਗਿਆ, ਜੋ ਕਿ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੀ ਕਾਮਯਾਬੀ ਲਈ ਨਿਰਣਾਇਕ ਸੀ।

ਦੁਨੀਆ ਭਰ ਦੀਆਂ ਲੱਖਾਂ ਔਰਤਾਂ ਸੋਵੀਅਤ ਸੰਘ ਤੇ ਦੂਸਰੇ ਸਮਾਜਵਾਦੀ ਦੇਸ਼ਾਂ 'ਚ ਔਰਤਾਂ ਦੀਆਂ ਹਾਲਤਾਂ 'ਚ ਵੱਡੀਆਂ ਵੱਡੀਆਂ ਤਰੱਕੀਆਂ ਤੋਂ ਪ੍ਰੇਰਿਤ ਹੋ ਕੇ ਆਪਣੇ-ਆਪਣੇ ਦੇਸ਼ਾਂ 'ਚ ਸੰਘਰਸ਼ ਕਰਨ ਲੱਗੀਆਂ। ਔਰਤਾਂ 'ਚ ਇਹ ਜਾਗ੍ਰਿਤੀ ਆਈ ਕਿ ਜਦ ਤੱਕ ਸ਼ੋਸ਼ਣ ਦੀ ਵਿਵਸਥਾ ਬਰਕਰਾਰ ਰਹੇਗੀ, ਤਦ ਤਕ ਔਰਤਾਂ ਦੀ ਮੁਕਤੀ ਨਹੀਂ ਹੋ ਸਕਦੀ। ਚੇਤੰਨ ਔਰਤਾਂ ਇਹ ਸਮਝਣ ਲੱਗੀਆਂ ਕਿ ਰੂਸ ਦੀਆਂ ਔਰਤਾਂ ਦੀ ਤਰ੍ਹਾਂ, ਦੂਸਰੇ ਦੇਸ਼ਾਂ 'ਚ ਵੀ ਔਰਤਾਂ ਨੂੰ ਆਪਣੀ ਮੁਕਤੀ ਲਈ ਕ੍ਰਾਂਤੀ ਤੇ ਸਮਾਜਵਾਦ ਦੀ ਫਤਹਿ ਲਈ ਸੰਘਰਸ਼ ਕਰਨਾ ਪਵੇਗਾ।

ਹਿੰਦੁਸਤਾਨ 'ਚ ਵੀਹਵੀਂ ਸਦੀ ਦੇ ਸ਼ੁਰੂ 'ਚ, ਉਪਨਿਵੇਸ਼ਵਾਦ-ਵਿਰੋਧੀ ਸੰਘਰਸ਼ ਦੇ ਚੱਲਦੇ, ਲੱਖਾਂ ਔਰਤਾਂ ਹਰ ਤਰ੍ਹਾਂ ਦੀ ਗੁਲਾਮੀ ਖਿਲਾਫ਼ ਸੰਘਰਸ਼ 'ਚ ਅੱਗੇ ਆਈਆਂ। ਮਜ਼ਦੂਰ ਅੰਦੋਲਨ ਤੇ ਕਿਸਾਨ ਸੰਘਰਸ਼ਾਂ 'ਚ ਇਸ ਨੂੰ ਹੋਰ ਤਾਕਤ ਮਿਲੀ। ਕਮਿਊਨਿਸਟਾਂ ਤੇ ਖਾਸ ਤੌਰ 'ਤੇ ਅਨੇਕਾਂ ਔਰਤ ਕਮਿਊਨਿਸਟਾਂ ਨੇ ਬਹੁਤ ਜ਼ਿਆਦਾ ਸੰਖਿਆ 'ਚ ਔਰਤਾਂ ਨੂੰ ਲਾਮਬੰਦ ਕੀਤਾ। ਨਾਲ ਦੀ ਨਾਲ, ਪੂੰਜੀਵਾਦੀ ਕੌਮੀ ਨੇਤਾਵਾਂ ਤੇ ਜਥੇਬੰਦੀਆਂ ਨੇ ਵੀ ਆਪਣੇ ਮੰਤਵ ਦੀ ਪੂਰਤੀ ਲਈ ਔਰਤਾਂ ਨੂੰ ਲਾਮਬੰਦ ਕੀਤਾ। ਜਦ ਉਪਨਿਵੇਸ਼ਵਾਦੀ ਸ਼ਾਸਨ ਖਤਮ ਹੋਇਆ ਤਦ ਹਿੰਦੁਸਤਾਨੀ ਔਰਤਾਂ ਨੂੰ ਕੁਝ ਰਾਜਨੀਤਕ ਤੇ ਕਾਨੂੰਨੀ ਅਧਿਕਾਰ ਮਿਲੇ ਜੋ ਪਹਿਲਾਂ ਉਨ੍ਹਾਂ ਨੂੰ ਪ੍ਰਾਪਤ ਨਹੀਂ ਸਨ। ਪਰ ਨਵੇਂ ਪੂੰਜੀਵਾਦੀ ਸ਼ਾਸਕ ਵਰਗ ਨੇ ਸੋਚ ਸਮਝ ਕੇ, ਕਈ ਖੇਤਰਾਂ 'ਚ ਔਰਤਾਂ ਦੀ ਕਾਨੂੰਨੀ ਗੈਰ-ਬਰਾਬਰੀ ਨੂੰ ਬਰਕਰਾਰ ਰੱਖਿਆ।

ਜਗੀਰੂ ਤੇ ਪੱਛੜੇ ਰਿਵਾਜ਼ਾਂ ਨਾਲ ਔਰਤਾਂ ਦਾ ਭਿਅੰਕਰ ਹਮਲਾ, ਜਾਤੀ ਪ੍ਰਥਾ ਦੇ ਚੱਲਦੇ ਔਰਤਾਂ 'ਤੇ ਅੱਤਿਆਚਾਰ ਤੇ ਭੇਦਭਾਵ, ਇਨ੍ਹਾਂ ਸਭ ਨੂੰ ਥੋੜ੍ਹੀ ਮਾਤਰਾ 'ਚ ਉਪਨਿਵੇਸ਼ਵਾਦੀ ਹਾਕਮਾਂ ਤੇ ਉਨ੍ਹਾਂ ਤੋਂ ਸੱਤਾ ਲੈਣ ਵਾਲੇ ਹਿੰਦੁਸਤਾਨੀ ਪੂੰਜੀਪਤੀ ਹਾਕਮਾਂ ਨੇ ਬਰਕਰਾਰ ਰੱਖਿਆ। ਇਨ੍ਹਾਂ ਅੱਤਿਆਚਾਰਾਂ ਦੇ ਨਾਲ-ਨਾਲ ਔਰਤਾਂ ਨੂੰ ਪੂੰਜੀਵਾਦੀ ਸ਼ੋਸ਼ਣ ਦਾ ਵੀ ਸ਼ਿਕਾਰ ਬਨਣਾ ਪਿਆ। ਹਿੰਦੁਸਤਾਨੀ ਰਾਜ ਤੇ ਉਨ੍ਹਾਂ ਦੇ ਸੰਸਥਾਨ ਔਰਤਾਂ ਦੇ ਇਸ ਬਹੁਤਰਫਾ ਸ਼ੋਸ਼ਣ ਦੀ ਹਮਾਇਤ ਕਰਦੇ ਹਨ। ਇਸ ਪੂਰੇ ਸਮੇਂ ਦੌਰਾਨ, ਹਿੰਦੁਸਤਾਨੀ ਔਰਤਾਂ ਇਸ ਸ਼ੋਸ਼ਣ ਤੇ ਦਮਨ ਖਿਲਾਫ਼ ਬਿਹਤਰ ਤਨਖਾਹ ਤੇ ਕੰਮ ਦੇ ਹਾਲਤਾਂ ਲਈ ਸਮਾਜਿਕ ਬਰਾਬਰਤਾ, ਸਨਮਾਨ ਤੇ ਸੁਰੱਖਿਆ ਲਈ, ਲਗਾਤਾਰ ਸੰਘਰਸ਼ ਕਰਦੀਆਂ ਰਹੀਆਂ ਹਨ। ਇਸ ਸੰਘਰਸ਼ ਅੱਗੇ ਝੁਕਦਿਆਂ ਹਾਕਮ ਜਮਾਤ ਨੂੰ ਕੁਝ ਔਰਤ ਕੇਂਦਰਤ ਕਾਨੂੰਨ ਤੇ ਨੀਤੀਆਂ ਪਾਸ ਕਰਨੀਆਂ ਪਈਆਂ ਹਨ, ਜਦਕਿ ਇਨ੍ਹਾਂ ਨੂੰ ਲਾਗੂ ਕਰਨ 'ਚ ਬਹੁਤ ਸਾਰੀਆਂ ਕਮੀਆਂ ਰਹੀਆਂ ਹਨ।

ਸਾਰੇ ਦੇਸ਼ਾਂ 'ਚ ਆਪਣੀ ਲੁੱਟ ਅਤੇ ਜਬਰ ਖਿਲਾਫ਼ ਔਰਤਾਂ ਦੇ ਵਧਦੇ ਸੰਘਰਸ਼ਾਂ ਦੀ ਸਥਿਤੀ 'ਚ ਵੀਹਵੀਂ ਸਦੀ 'ਚ ਪੂੰਜੀਵਾਦ ਦੇ ਗੜ੍ਹ 'ਚ ਸਭ ਤੋਂ ਪਹਿਲਾਂ ਪੂੰਜੀਵਾਦੀ ਨਾਰੀਵਾਦ ਨੂੰ ਪੈਦਾ ਕੀਤਾ ਗਿਆ ਤੇ ਫੈਲਾਇਆ ਗਿਆ। ਔਰਤਾਂ ਦੀ ਮੁਕਤੀ ਦੇ ਸੰਘਰਸ਼ ਨੂੰ ਮਜ਼ਦੂਰ ਵਰਗ ਦੇ ਸੰਘਰਸ਼ ਤੇ ਸਮਾਜਵਾਦ ਲਈ ਸੰਘਰਸ਼ ਨਾਲ ਜੋੜਨ ਦੇ ਵਿਰੋਧ 'ਚ ਪੂੰਜੀਵਾਦੀ ਨਾਰੀਵਾਦ ਦੀ ਧਾਰਾ ਔਰਤ ਅੰਦੋਲਨ 'ਚ ਫੈਲਾਈ ਗਈ। ਪੂੰਜੀਵਾਦੀ ਨਾਰੀਵਾਦ ਅਨੁਸਾਰ, ਔਰਤਾਂ ਦੇ ਦਮਨ ਦਾ ਸ੍ਰੋਤ ਪਿਤਾ ਦੀ ਸੱਤਾ ਦੀ ਵਿਵਸਥਾ 'ਚ ਹੈ ਪਰ ਇਕ ਵਰਗ ਵੱਲੋਂ ਦੂਸਰੇ ਵਰਗ ਦੀ ਲੁੱਟ ਦੀ ਵਿਵਸਥਾ ਤੋਂ ਅਲਗ ਹੈ। ਔਰਤਾਂ ਦੀ ਮੁਕਤੀ ਦਾ ਮੁੱਖ ਦੁਸ਼ਮਣ ਮਰਦ ਮੰਨਿਆ ਜਾਂਦਾ ਹੈ। ਔਰਤਾਂ ਦੀ ਮੁਕਤੀ ਦਾ ਇਕਮਾਤਰ ਮੰਤਵ ਸਵੈ ਆਜ਼ਾਦੀ ਤੇ ਯੋਨ ਆਜ਼ਾਦੀ ਮੰਨਿਆ ਜਾਂਦਾ ਹੈ। ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ, ਪੂੰਜੀਵਾਦੀ ਲੁੱਟ ਖਿਲਾਫ਼ ਸੰਘਰਸ਼ 'ਚ ਮਜ਼ਦੂਰ ਦੇ ਤੌਰ 'ਤੇ ਔਰਤਾਂ ਦੀ ਜਥੇਬੰਦਕ ਹਿੱਸੇਦਾਰੀ ਨੂੰ ਨਕਾਰਿਆ ਜਾਂਦਾ ਹੈ। ਸਮਾਜਵਾਦ 'ਚ ਔਰਤਾਂ ਵੱਲੋਂ ਕੀਤੀਆਂ ਗਈਆਂ ਉਪਲੱਬਧੀਆਂ ਨੂੰ ਨੀਵਾਂ ਦਿਖਾਇਆ ਜਾਂਦਾ ਹੈ ਜਾਂ ਨਕਾਰਿਆ ਜਾਂਦਾ ਹੈ। ''ਅਪਰਚਨਾਵਾਦ''- ਯਾਨੀ ਔਰਤਾਂ ਦੀਆਂ ਅਲਗ-ਅਲਗ ਸਮੱਸਿਆਵਾਂ ਨੂੰ ਅਲਗ-ਅਲਗ ਕਰਕੇ ਦੇਖਣਾ, ਨਾ ਕਿ ਇਕ ਏਕਤਾਬੱਧ ਸਮਾਜਿਕ ਸਮੱਸਿਆ ਦੇ ਅਲਗ ਪਹਿਲੂ ਦੇ ਤੌਰ 'ਤੇ- ਇਸ ਨੂੰ ਬਹੁਤ ਸੋਚ ਸਮਝ ਕੇ ਬੜ੍ਹਾਵਾ ਦਿੱਤਾ ਗਿਆ।

ਪੂੰਜੀਪਤੀ ਜਾਣਦੇ ਹਨ ਕਿ ਜੇਕਰ ਪੂੰਜੀਵਾਦ ਖਿਲਾਫ਼ ਮਜ਼ਦੂਰ ਵਰਗ ਦੇ ਸੰਘਰਸ਼ ਨੇ ਕਾਮਯਾਬ ਹੋਣਾ ਹੈ ਤਾਂ ਉਸ 'ਚ ਵੱਡੀ ਪੱਧਰ 'ਤੇ ਔਰਤਾਂ ਦੀ ਹਿੱਸੇਦਾਰੀ ਜ਼ਰੂਰੀ ਹੈ। ਇਸ ਲਈ ਪੂੰਜੀਪਤੀ ਔਰਤਾਂ ਦੇ ਕੁਝ ਤਬਕਿਆਂ

ਬਾਕੀ ਸਫਾ 8 'ਤੇ

# ਕੀਮਤਾਂ ਉੱਚੀਆਂ ਕਿਉਂ ਹਨ...

**ਸਫਾ 3 ਦੀ ਬਾਕੀ**

ਪਿਛਲੇ ਕਈ ਦਹਾਕਿਆਂ ਤੋਂ ਰਾਜ ਵੱਲੋਂ ਖਰੀਦ ਤੇ ਸਮਰਥਤ ਕੀਮਤਾਂ, ਦੇਸ਼ ਦੇ ਅਲਗ ਅਲਗ ਇਲਾਕਿਆਂ 'ਚ ਕਣਕ, ਚਾਵਲ ਤੇ ਗੰਨੇ ਦੇ ਉਤਪਾਦਨ ਨੂੰ ਪ੍ਰੋਤਸਾਹਤ ਕਰਨ ਦਾ ਇਕ ਮਹੱਤਵਪੂਰਨ ਕਾਰਕ ਰਹੀਆਂ ਹਨ। ਉਦਾਰੀਕਰਨ ਲਹਿਰ ਦੇ ਪਹਿਲਾਂ, 1980 ਦੇ ਦਹਾਕੇ ਤੱਕ, ਉਤਪਾਦਕਾਂ ਤੋਂ ਸਰਕਾਰ ਕਣਕ ਤੇ ਚਾਵਲ ਨੂੰ ਘੱਟੋ ਘੱਟ ਸਮਰਥਨ ਕੀਮਤ 'ਤੇ ਖਰੀਦਦੀ ਸੀ। ਪਰ ਇਸ ਤਰ੍ਹਾਂ ਦੂਸਰੀਆਂ ਫ਼ਸਲਾਂ ਲਈ ਨਹੀਂ ਕੀਤਾ ਗਿਆ। ਇਸ ਲਈ ਦਾਲਾਂ ਲਈ ਘੱਟੋ-ਘੱਟ ਸਮਰਥਨ ਕੀਮਤ ਨਹੀਂ ਦਿੱਤੀ ਗਈ। ਖੰਡ ਲਈ ਵੀ ਇਸ ਤਰ੍ਹਾਂ ਲਗਾਤਾਰ ਨਹੀਂ ਕੀਤਾ ਗਿਆ, ਇਸ ਲਈ ਗੰਨਾ ਬੀਜਣ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਲਈ ਕੀ ਮਿਲੇਗਾ, ਇਸ ਗੱਲ ਦਾ ਯਕੀਨ ਨਹੀਂ ਸੀ। ਸੱਚਾਈ ਤਾਂ ਇਹ ਹੈ ਕਿ ਕਣਕ ਤੇ ਚਾਵਲ ਲਈ ਘੱਟੋ ਘੱਟ ਸਮਰਥਨ ਕੀਮਤ ਪਹਿਲਾਂ ਤੋਂ ਘੋਸ਼ਤ ਨਹੀਂ ਕੀਤੀ ਜਾਂਦੀ ਸੀ, ਇਸ ਲਈ ਕਿਸਾਨ ਆਪਣੀ ਹਰ ਫ਼ਸਲ ਦਾ ਖੇਤਰਫਲ ਠੀਕ ਨਾਲ ਤਹਿ ਕਰਨ 'ਚ ਅਸਮਰੱਥ ਰਹਿੰਦੇ ਸਨ। ਇਸਦਾ ਇਹ ਵੀ ਮਤਲਬ ਸੀ ਕਿ ਸਰਬਜਨਕ ਵੰਡ ਪ੍ਰਣਾਲੀ ਨਾਲ ਸਿਰਫ਼ ਅਨਾਜ ਅਤੇ ਖੰਡ ਹੀ ਮਿਲਦੀ ਸੀ ਤੇ ਦੂਸਰੀਆਂ ਜ਼ਰੂਰੀ ਦਾਲਾਂ ਆਦਿ ਸ਼ਾਮਿਲ ਨਹੀਂ ਸਨ। ਸਰਬਜਨਕ ਵੰਡ ਪ੍ਰਣਾਲੀ ਦੇ ਤਹਿਤ ਮਿਹਨਤਕਸ਼ ਜਨਤਾ ਦੇ ਪੋਸ਼ਟਿਕ ਆਹਾਰ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਸਨ।

1990 ਦੇ ਦਹਾਕੇ ਦੇ ਮੱਧ ਤੋਂ, ਸਰਕਾਰ ਨੇ ਆਮ ਜਨਤਾ ਲਈ ਸਰਬਜਨਕ ਵੰਡ ਪਣਾਲੀ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਸ਼ੁਰੂ ਕੀਤਾ। ਥੋਕ ਤੇ ਫੁਟਕਰ ਵਪਾਰ ਦਾ ਜ਼ਿਆਦਾ ਤੋਂ ਜ਼ਿਆਦਾ ਉਦਾਰੀਕਰਨ ਚੱਲ ਰਿਹਾ ਹੈ ਤੇ ਅੱਜ 35 ਫੀਸਦੀ ਤੋਂ ਵੀ ਘੱਟ ਵਪਾਰ ਸਰਬਜਨਕ ਖਰੀਦ ਤੇ ਵੰਡ ਵਿਵਸਥਾ ਨਾਲ ਹੁੰਦਾ ਹੈ। ਵਿਆਪਕ ਸਰਬਜਨਕ ਵੰਡ ਪ੍ਰਣਾਲੀ ਦੇ ਬੰਦ ਕਰਨ ਤੇ ਸੀਮਤ ਸਰਬਜਨਕ ਵੰਡ ਪ੍ਰਣਾਲੀ ਸ਼ੁਰੂ ਕਰਨ ਦੇ ਨਾਲ ਸਰਕਾਰ ਵੱਲੋਂ ਨਿਯੰਤਰਤ ਭੰਡਾਰ 'ਚ ਕਾਫ਼ੀ ਗਿਰਾਵਟ ਆਈ ਹੈ।

ਫੁਟਕਰ ਵਪਾਰ 'ਚ ਵੱਡੇ ਨਿਗਮਾਂ ਦੇ ਆਉਣ ਨਾਲ ਥੋਕ ਤੇ ਫੁਟਕਰ ਕੀਮਤਾਂ ਦੇ ਵਿਚ ਦਾ ਅੰਤਰ ਜ਼ਿਆਦਾ ਵਧ ਗਿਆ ਹੈ, ਰਿਪੋਰਟਾਂ ਦੇ ਅਨੁਸਾਰ ਪਹਿਲਾਂ ਜੋ ਪਿਆਜ਼ ਫੁਟਕਰ 'ਚ 10 ਰੁਪਏ ਕਿਲੋ ਮਿਲਦਾ ਸੀ ਉਹ 18 ਰੁਪਏ ਪ੍ਰਤੀ ਕਿਲੋ ਹੋ ਗਿਆ ਹੈ। ਹਾਲ ਦੇ ਮਹੀਨਿਆਂ 'ਚ ਵੱਡੇ ਫੁਟਕਰ ਵਪਾਰੀਆਂ ਨੇ ਸੋਕੇ ਦੀ ਸੰਭਾਵਨਾ ਤੇ ਇਸ ਦੀ ਵਜ੍ਹਾ ਨਾਲ ਪੈਦਾਵਾਰ 'ਚ ਸੰਭਾਵਤ ਕਮੀ ਦਾ ਇਸਤੇਮਾਲ ਕਰਕੇ ਜਮ੍ਹਾਖੋਰੀ ਕੀਤੀ ਹੈ। ਇਕ ਅੰਦਾਜ਼ੇ ਦੇ ਅਨੁਸਾਰ, 2009 'ਚ ਪੈਦਾ ਕੀਤੇ 310 ਲੱਖ ਟਨ ਆਲੂ 'ਚੋਂ 180 ਲੱਖ ਟਨ ਦੇਸ਼ ਦੇ ਅਲਗ-ਅਲਗ ਹਿੱਸਿਆਂ ਦੇ ਠੰਡੇ ਗੋਦਾਮਾਂ 'ਚ ਜਮ੍ਹਾ ਕੀਤਾ ਗਿਆ ਹੈ, ਕੀਮਤਾਂ ਦੇ ਵਧਣ ਦੇ ਇੰਤਜ਼ਾਰ 'ਚ।

ਇਹ ਪੂੰਜੀਵਾਦੀ ਕਾਨੂੰਨ ਹੈ ਜਿਸ ਦੇ ਤਹਿਤ ਹਰ ਨਿੱਜੀ ਵਪਾਰੀ ਆਪਣੇ ਮੁਨਾਫੇ ਨੂੰ ਜ਼ਿਆਦਾ ਕਰਨ ਲਈ ਇਹ ਧੰਦਾ ਕਰਦਾ ਹੈ। ਅਤੇ ਮੰਗ ਤੇ ਪੂਰਤੀ ਦੇ ਵਿਚ ਅੰਦਾਜ਼ੇ ਦੇ ਅਧਾਰ 'ਤੇ ਕਮੀਆਂ ਦਾ ਫਾਇਦਾ ਚੁੱਕਣਾ ਚਾਹੁੰਦਾ ਹੈ। ਰਿਲਾਇੰਸ ਤੇ ਦੂਸਰੇ ਵੱਡੇ ਮੁਨਾਫਾਖੋਰ ਮਹਿੰਗਾਈ ਦਾ ਲਾਭ ਲੈਂਦੇ ਹਨ --ਅਤੇ ਹਿੰਦੁਸਤਾਨੀ ਸਰਕਾਰ ਸਰਬਜਨਕ ਵੰਡ ਵੱਲੋਂ ਖਾਣ ਵਾਲੇ ਪਦਾਰਥਾਂ ਦੀ ਪੂਰਤੀ ਯਕੀਨੀ ਬਨਾਉਣ ਲਈ ਕੁਝ ਵੀ ਨਹੀਂ ਕਰ ਰਹੀ ਹੈ।

### ਮਜ਼ਦੂਰ ਜਮਾਤ ਦੀ ਮੰਗ

ਪਿਛਲੇ ਦੋ ਵਰ੍ਹਿਆਂ ਤੋਂ ਜਦਕਿ ਜ਼ਿਆਦਾਤਰ ਮਜ਼ਦੂਰਾਂ ਦੀਆਂ ਤਨਖਾਹਾਂ, ਉਥੇ ਦੀਆਂ ਉਥੇ ਹੀ ਰਹੀਆਂ ਹਨ ਤੇ ਬਹੁਤ ਸਾਰਿਆਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ ਗਿਆ ਹੈ, ਖਾਣ ਵਾਲੇ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਮਜ਼ਦੂਰ ਵਰਗ ਨੂੰ ਬਹੁਤ ਦੁਖੀ ਕਰ ਰਹੀਆਂ ਹਨ।

ਮਜ਼ਦੂਰ ਸਭ ਤੋਂ ਜ਼ਰੂਰੀ ਚੀਜ਼ਾਂ ਵੀ ਖਰੀਦ ਨਹੀਂ ਸਕਦੇ ਤੇ ਭੁੱਖਮਰੀ ਤੇ ਕੁਪੋਸ਼ਣ ਦੇ ਸ਼ਿਕਾਰ ਬਣ ਰਹੇ ਹਨ। ਛੋਟੇ ਤੇ ਦਰਮਿਆਨੇ ਕਿਸਾਨ ਬਰਬਾਦ ਹੋ ਰਹੇ ਹਨ, ਕਿਉਂਕਿ ਖੇਤੀ ਤੋਂ ਰੋਜ਼ੀ-ਰੋਟੀ ਚਲਾਉਣਾ ਮੁਸ਼ਕਿਲ ਹੋ ਰਿਹਾ ਹੈ।

ਖੇਤੀ ਦੇ ਅਲਗ-ਅਲਗ ਉਤਪਾਦ ਦੇਸ਼ ਦੇ ਅਲਗ-ਅਲਗ ਖੇਤੀ ਮੌਸਮ ਖੇਤਰਾਂ ਦੇ ਅਨੁਸਾਰ ਪੈਦਾ ਹੁੰਦੇ ਹਨ। ਕੋਈ ਵੀ ਇਸ ਤਰ੍ਹਾਂ ਦਾ ਖੇਤਰ ਨਹੀਂ ਹੈ, ਜੋ ਲੋਕਾਂ ਲਈ ਜ਼ਰੂਰੀ ਹਰ ਖਾਣ ਵਾਲੇ ਪਦਾਰਥ ਲਈ ਆਤਮ-ਨਿਰਭਰ ਹੈ। ਇਸ ਲਈ ਖਾਣ ਵਾਲੇ ਪਦਾਰਥਾਂ ਦੀ ਢੋਅ-ਢੁਆਈ ਜ਼ਰੂਰੀ ਹੈ --ਉਤਪਾਦਕਾਂ ਤੋਂ ਖਰੀਦ ਕੇ, ਦੇਸ਼ ਦੇ ਇਕ ਇਲਾਕੇ ਤੋਂ ਦੂਸਰੇ ਇਲਾਕੇ ਤੱਕ ਪਹੁੰਚਾ ਕੇ ਅਤੇ ਫੁਟਕਰ ਤੇ ਠੀਕ ਕੀਮਤਾਂ 'ਤੇ ਉਪਲੱਬਧ ਕਰਾਉਣਾ ਬਹੁਤ ਜ਼ਰੂਰੀ ਹੈ। ਇਸ ਕੰਮ ਨੂੰ ਥੋਕ ਵਪਾਰੀ ਦੇ ਹੱਥ, ਮੁਨਾਫੇ ਦੇ ਸ੍ਰੋਤ ਦੇ ਤੌਰ 'ਤੇ, ਨਹੀਂ ਛੱਡਿਆ ਜਾ ਸਕਦਾ।

ਅਰਥਵਿਵਸਥਾ ਦੀ ਦਿਸ਼ਾ ਦੁਬਾਰਾ ਨਿਰਧਾਰਤ ਕਰਨਾ ਜ਼ਰੂਰੀ ਹੈ ਤਾਂਕਿ ਇਹ ਮਜ਼ਦੂਰ ਵਰਗ ਤੇ ਮਿਹਨਤਕਸ਼ ਲੋਕਾਂ ਦੇ ਹਿਤ 'ਚ ਚੱਲ ਸਕੇ। ਇਸ ਤਰ੍ਹਾਂ ਦੀ ਦਿਸ਼ਾ ਲਾਗੂ ਕਰਨ ਲਈ ਨਾ ਤਾਂ ਪੂੰਜੀਪਤੀਆਂ ਦੀ ਇੱਛਾ ਹੈ ਤੇ ਨਾ ਹੀ ਉਹ ਇਸ ਤਰ੍ਹਾਂ ਕਰਨ 'ਚ ਸਮਰੱਥ ਹਨ। ਉਨ੍ਹਾਂ ਦਾ ਉਦੇਸ਼ ਤਾਂ ਸਿਰਫ਼ ਮੁਨਾਫਾ ਜ਼ਿਆਦਾ ਤੋਂ ਜ਼ਿਆਦਾ ਕਰਨਾ ਹੈ।

ਮਜ਼ਦੂਰ ਵਰਗ ਨੂੰ ਰਾਜਨੀਤਕ ਸੱਤਾ ਆਪਣੇ ਹੱਥਾਂ 'ਚ ਲੈਣੀ ਹੋਵੇਗੀ ਤੇ ਖਾਣ ਵਾਲੀਆਂ ਚੀਜ਼ਾਂ ਦੇ ਵਪਾਰ ਉੱਤੇ ਪੂਰਾ ਨਿਯੰਤਰਣ ਸਥਾਪਤ ਕਰਨਾ, ਉਨ੍ਹਾਂ ਦੇ ਸਭ ਤੋਂ ਪਹਿਲੇ ਕਦਮਾਂ 'ਚੋਂ ਇਕ ਹੋਵੇਗਾ: ਆਪਣੇ ਨਿਯੰਤਰਣ ਦੇ ਜ਼ਰੀਏ ਉਨ੍ਹਾਂ ਨੂੰ ਇਸ ਵਪਾਰ ਚੋਂ ਮੁਨਾਫਾ ਖਤਮ ਕਰਨਾ ਹੋਵੇਗਾ।

ਅੰਦਰੂਨੀ ਥੋਕ ਵਪਾਰ ਤੇ ਖਾਣ ਵਾਲੇ ਪਦਾਰਥਾਂ ਦੀ ਬਰਾਮਦ-ਦਰਾਮਦ ਸਰਬਜਨਕ ਨਿਯੰਤਰਣ 'ਚ ਕਰਨੀ ਹੋਵੇਗੀ ਤਾਂਕਿ ਨਿਜੀ ਵਿਚੋਲਿਆਂ ਦੀ ਭੂਮਿਕਾ ਪੂਰੀ ਤਰ੍ਹਾਂ ਖਤਮ ਕੀਤੀ ਜਾ ਸਕੇ। ਇਕ ਵਾਰ ਸੱਤਾ ਹਾਸਲ ਕਰਨ ਦੇ ਬਾਅਦ ਮਜ਼ਦੂਰ ਵਰਗ ਨੂੰ ਇਕ ਆਧੁਨਿਕ ਸਰਬਜਨਕ ਵੰਡ ਪ੍ਰਣਾਲੀ ਦਾ ਨਿਰਮਾਣ ਕਰਨਾ ਹੋਵੇਗਾ, ਜੋ ਇਹ ਯਕੀਨੀ ਬਣਾਏਗੀ ਕਿ ਆਮ ਵਰਤੋਂ ਦੀਆਂ ਚੀਜ਼ਾਂ -- ਖਾਣ ਵਾਲੇ ਪਦਾਰਥ, ਖਾਣ ਦੇ ਤੇਲ, ਦਾਲਾਂ, ਸਬਜ਼ੀਆਂ ਆਦਿ-- ਠੀਕ ਮਾਤਰਾ 'ਚ, ਚੰਗੀ ਗੁਣਵੱਤਾ ਤੇ ਮਿਹਨਤਕਸ਼ ਲੋਕਾਂ ਲਈ ਠੀਕ ਕੀਮਤਾਂ 'ਤੇ ਉਪਲੱਬਧ ਹੋਣ।

ਇਕ ਵਾਰ ਰਾਜ ਵਿਵਸਥਾ ਲੈਣ ਦੇ ਬਾਅਦ, ਖੇਤੀ ਦੀ ਉਤਪਾਦਕਤਾ ਵਧਾਉਣ ਲਈ ਮਜ਼ਦੂਰ ਵਰਗ ਨੂੰ ਕਿਸਾਨਾਂ ਦੀ ਮਦਦ ਕਰਨੀ ਹੋਵੇਗੀ। ਅਲਗ-ਅਲਗ ਫ਼ਸਲਾਂ ਦੀ ਯੋਜਨਾ ਬਨਾਉਣੀ ਹੋਵੇਗੀ ਤਾਂਕਿ ਸ਼ਹਿਰਾਂ ਤੇ ਪਿੰਡਾਂ ਦੇ ਲੋਕਾਂ ਦੀਆਂ ਵਧਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਣ।

ਮੌਜੂਦਾ ਸਮੇਂ 'ਚ ਮਜ਼ਦੂਰ ਵਰਗ ਨੂੰ ਪੂੰਜੀਪਤੀਆਂ ਦੀਆਂ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਕਾਰਵਾਈਆਂ ਦੀ ਮੰਗ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ 2010-11 ਦੇ ਬਜਟ 'ਚ ਸਾਰੇ ਟਿਕਾਊ ਖਾਣ ਵਾਲੇ ਪਦਾਰਥਾਂ ਨੂੰ ਸਰਬਜਨਕ ਵੰਡ ਪ੍ਰਣਾਲੀ ਦੇ ਦਾਇਰੇ 'ਚ ਸ਼ਾਮਿਲ ਕਰਨ ਲਈ ਠੀਕ ਬਜਟ ਬਣਾਇਆ ਜਾਵੇ। ਉਨ੍ਹਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸਰਕਾਰ ਸਾਰੇ ਅਸੂਚਿਤ ਭੰਡਾਰਾਂ ਤੋਂ ਖਾਣ ਵਾਲੇ ਪਦਾਰਥ ਜ਼ਬਤ ਕਰੇ ਤੇ ਉਨ੍ਹਾਂ ਨੂੰ ਸਰਬਜਨਕ ਵੰਡ ਪ੍ਰਣਾਲੀ ਦੇ ਜ਼ਰੀਏ ਲੋਕਾਂ ਤੱਕ ਪਹੁੰਚਾਏ ਤਾਂਕਿ ਮਜ਼ਦੂਰਾਂ ਤੇ ਮਿਹਨਤਕਸ਼ਾਂ ਨੂੰ ਰਾਹਤ ਮਿਲੇ। ਲੋਕਾਂ ਦੇ ਉਪਯੋਗ ਲਈ ਜ਼ਰੂਰੀ ਖੇਤੀ ਦੀਆਂ ਉਪਜਾਂ ਲਈ ਸਰਕਾਰ ਠੀਕ ਸਮਰਥਨ ਕੀਮਤਾਂ ਦੇਵੇ ਤਾਂਕਿ ਉਨ੍ਹਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਦਾ ਸੁਖੀ ਜੀਵਨ ਯਕੀਨੀ ਬਣੇ। ਮਜ਼ਦੂਰ ਵਰਗ ਦੀ ਮੰਗ ਹੋਣੀ ਚਾਹੀਦੀ ਹੈ ਕਿ ਸਾਰੇ ਖੇਤੀ ਪਦਾਰਥਾਂ ਦਾ ਥੋਕ ਵਪਾਰ ਨਿੱਜੀ ਹੱਥਾਂ ਤੋਂ ਲੈ ਕੇ ਸਰਬਜਨਕ ਨਿਯੰਤਰਣ 'ਚ ਲਿਆਂਦਾ ਜਾਵੇ ਤਾਂਕਿ ਮਜ਼ਦੂਰਾਂ ਤੇ ਕਿਸਾਨਾਂ, ਦੋਵਾਂ ਦੇ ਹਿਤਾਂ ਦੀ ਰੱਖਿਆ ਹੋ ਸਕੇ। ■

# ਪੂਣੇ 'ਚ ਹੋਏ ਦਹਿਸ਼ਤੀ ਹਮਲੇ ਦੀ ਪੁਰਜ਼ੋਰ ਨਿਖੇਧੀ ਕਰੋ!

ਪੂਣੇ ਵਿੱਚ 13 ਫਰਵਰੀ 2010 ਨੂੰ, ਇੱਕ ਖਾਣ-ਪੀਣ ਦੀ ਜਗ੍ਹਾ ਉੱਤੇ ਦਹਿਸ਼ਤੀ ਹਮਲੇ ਵਿੱਚ 16 ਲੋਕ ਮਾਰੇ ਗਏ ਅਤੇ ਦਰਜਣਾਂ ਹੀ ਹੋਰ ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ***ਮਜ਼ਦੂਰ ਏਕਤਾ ਲਹਿਰ,*** ਇਸ ਦਹਿਸ਼ਤਗਰਦ ਹਮਲੇ ਤੇ ਆਪਣਾ ਗੁੱਸਾ ਪ੍ਰਗਟ ਕਰਦਾ ਹੈ ਅਤੇ ਮ੍ਰਿਤਕਾਂ ਅਤੇ ਜ਼ਖਮੀ ਲੋਕਾਂ ਦੇ ਪ੍ਰੀਵਾਰ-ਜਨਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਾ ਹੈ।

ਬਾਰ-ਬਾਰ ਉਹੀਓ ਸਵਾਲ ਉਠਦੇ ਹਨ। ਹਿੰਦੋਸਤਾਨ ਅੰਦਰ ਦਹਿਸ਼ਤੀ ਕਤਲੇਆਮ ਕਿਉਂ ਹੋ ਰਹੇ ਹਨ? ਇਨ੍ਹਾਂ ਤੋਂ ਕਿਸ ਨੂੰ ਫਾਇਦਾ ਹੋ ਰਿਹਾ ਹੈ ਅਤੇ ਕਿਸਨੂੰ ਨੁਕਸਾਨ? ਇਨ੍ਹਾਂ ਦਹਿਸ਼ਤੀ ਕਤਲਾਂ ਦੇ ਪਿੱਛੇ ਕਿਹੜੀਆਂ ਤਾਕਤਾਂ ਹਨ? ਕੀ ਦਹਿਸ਼ਤਗਰਦੀ ਦੀ ਮਹਾਂਮਾਰੀ ਤੋਂ ਨਿਜ਼ਾਤ ਪਾਇਆ ਜਾ ਸਕਦਾ ਹੈ? ਅਗਰ ਹੈ, ਤਾਂ ਉਹ ਕਿਵੇਂ?

ਸਰਮਾਏਦਾਰ ਮੀਡੀਆਂ ਦੇ ਜ਼ਰੀਏ ਸਰਕਾਰ ਆਪਣਾ ਪ੍ਰਤੀਕ੍ਰਮ ਪੇਸ਼ ਕਰ ਰਹੀ ਹੈ, ਹਾਲਾਂਕਿ ਰਸਮੀ ਤੌਰ ਤੇ ਕਿਹਾ ਜਾ ਰਿਹਾ ਹੈ ਕਿ ਇਸ ਕਾਂਡ ਦੀ ਜਾਂਚ-ਪੜਤਾਲ ਅਜੇ ਸਿਰਫ ਸ਼ੁਰੂ ਹੀ ਹੋਈ ਹੈ। ਮੀਡੀਆ 'ਚ ਇਹ ਪ੍ਰਚਾਇਆ ਜਾ ਰਿਹਾ ਹੈ ਕਿ ਦਹਿਸ਼ਤਵਾਦੀ ਹਮਲੇ ਇਸ ਲਈ ਜਥੇਬੰਦ ਕੀਤੇ ਜਾ ਰਹੇ ਹਨ ਤਾਂ ਕਿ "ਹਿੰਦੋਸਤਾਨ ਅੰਦਰ ਗੜਬੜੀ ਪੈਦਾ ਕੀਤੀ ਜਾ ਸਕੇ ਅਤੇ ਵਿਦੇਸ਼ੀ ਏਥੇ ਆਉਣ ਤੋਂ ਡਰਨ ਲੱਗ ਪੈਣ। ਉਹ ਲੋਕਾਂ ਨੂੰ ਫਿਰਕੂ ਅਧਾਰ ਤੇ ਵੰਡਣਾ ਚਾਹੁੰਦੇ ਹਨ ਅਤੇ ਮੁਸਲਮਾਨਾ ਖਿਲਾਫ ਫਿਰਕੂ ਹਿੰਸਾ ਭੜਕਾਉਣਾ ਚਾਹੁੰਦੇ ਹਨ। ਪਾਕਿਸਤਾਨ 'ਚ ਸਥਿਤ ਲਸ਼ਕਰ-ਏ-ਤੋਇਬਾ ਨਾਮਕ ਸੰਗਠਨ ਵਲੋਂ ਇਹ ਹਮਲੇ ਕਰਵਾਏ ਜਾ ਰਹੇ ਹਨ, ਇਨ੍ਹਾਂ ਨੂੰ ਹਿੰਦੋਸਤਾਨੀ ਮੁਸਲਮਾਨਾਂ ਅੰਦਰ ਪੈਦਾ ਕੀਤੇ ਗਏ ਪਾਕਿਸਤਾਨ ਦੀ ਖੁਫੀਆ ਏਜੰਸੀ, ਆਈ ਐਸ ਆਈ, ਦੇ ਸੈੱਲਾਂ ਦੇ ਜ਼ਰੀਏ ਅੰਜ਼ਾਮ ਦਿੱਤਾ ਜਾ ਰਿਹਾ ਹੈ ਅਤੇ ਇਸ ਵਿੱਚ ਇੰਡੀਅਨ ਮੁਜ਼ਾਹਿਦੀਨ ਨਾਮਕ ਇੱਕ ਗੁਪਤ ਜਥੇਬੰਦੀ ਮੱਦਦ ਕਰ ਰਹੀ ਹੈ; ਇਸ ਜਥੇਬੰਦੀ ਵਿੱਚ ਸਿਮੀ (ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ) ਦੇ ਸਾਬਕਾ ਮੈਂਬਰ ਸ਼ਾਮਲ ਹਨ। ਹਿੰਦੋਸਤਾਨ, ਅਮਰੀਕਾ ਅਤੇ ਦੂਸਰੀਆਂ ਤਾਕਤਾਂ ਨੂੰ, ਪਾਕਿਸਤਾਨ ਉੱਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਪਾਕਿਸਤਾਨ ਅੰਦਰ ਵੱਖ-ਵੱਖ ਹਿੰਦੋਸਤਾਨ-ਵਿਰੋਧੀ ਜਿਹਾਦੀ ਜਥੇਬੰਦੀਆਂ ਦੇ ਨੇਤਾਵਾਂ ਨੂੰ ਗ੍ਰਿਫਤਾਰ ਕਰੇ, ਤਾਂ ਜੁ ਦਹਿਸ਼ਤਵਾਦ ਤੋਂ ਛੁਟਕਾਰਾ ਪਾਇਆ ਜਾ ਸਕੇ।" ਹਾਲੀਆ ਦਹਿਸ਼ਤਵਾਦੀ ਹਮਲੇ ਦੇ ਬਾਰੇ ਕਿਹਾ ਜਾ ਰਿਹਾ ਹੈ ਕਿ ਇਸਦਾ ਮਕਸਦ ਹੈ (1) ਹਿੰਦੋਸਤਾਨ ਅਤੇ ਪਾਕਿਸਤਾਨ ਵਿਚਾਲੇ 25 ਫਰਵਰੀ ਨੂੰ ਸ਼ੁਰੂ ਹੋਣ ਵਾਲੀ ਸਕੱਤਰ-ਪੱਧਰੀ ਵਾਰਤਾ ਨੂੰ ਨਕਾਮਯਾਬ ਬਣਾਉਣਾ, ਅਤੇ (2) ਅਫਗਾਨਿਸਤਾਨ ਵਿੱਚ ਪਿਛਲੇ ਹਫਤੇ ਸ਼ੁਰੂ ਹੋਏ ਨਵੇਂ ਨਵੇਂ ਅਮਰੀਕੀ ਹਮਲੇ ਦਾ ਜਵਾਬ ਦੇਣਾ, ਤਾਂਕਿ "ਪਾਕਿਸਤਾਨ ਨੂੰ ਅਫਗਾਨਿਸਤਾਨ ਅੰਦਰ ਤਾਲਿਬਾਨ ਦੇ ਖਿਲਾਫ ਅਮਰੀਕਾ ਦੇ ਨਾਲ ਆਪਣੀ ਫੌਜ ਨੂੰ ਤਾਇਨਾਤ ਨਾ ਕਰਨ ਦਾ ਬਹਾਨਾ ਮਿਲ ਸਕੇ।"

## ਦਹਿਸ਼ਤਵਾਦ ਦੇ ਮੁੱਦੇ ਦਾ ਲੋਕਾਂ ਨੂੰ ਕਿਸ ਤਰ੍ਹਾਂ ਵਿਸ਼ਲੇਸ਼ਣ ਕਰਨ ਚਾਹੀਦਾ ਹੈ?

ਸ਼ੱਭ ਤੋਂ ਪਹਿਲੀ ਗੱਲ ਸਾਨੂੰ ਇਹ ਸਮਝਣੀ ਚਾਹੀਦੀ ਹੈ ਕਿ ਦਹਿਸ਼ਤਵਾਦ, ਸਾਰੇ ਸਾਮਰਾਜਵਾਦੀ ਅਤੇ ਪਿਛਾਂਹ-ਪਿਚੂ ਦੇਸ਼ਾਂ ਦੇ ਰਾਜਨੀਤਕ ਅਸਲੇਖਾਨੇ ਦੇ ਅੰਦਰ ਉਨ੍ਹਾਂ ਦਾ ਇੱਕ ਪਸੰਦੀਦਾ ਹਥਿਆਰ ਹੈ। ਇਸਦਾ ਇਹ ਅਰਥ ਹੈ ਕਿ ਅਮਰੀਕਾ, ਹਿੰਦੋਸਤਾਨ, ਪਾਕਿਸਤਾਨ, ਰੂਸ, ਬਰਤਾਨੀਆਂ, ਆਦਿ, ਸਾਰੇ ਹੀ ਆਪੋ-ਆਪਣੇ ਦੇਸ਼ਾਂ ਅੰਦਰ, ਨਾਪਾਕ ਇਰਾਦਿਆਂ ਨੂੰ ਉਕਸਾਉਣ ਲਈ ਅਤੇ ਆਪਣੇ ਸਾਮਰਾਜਵਾਦੀ ਉਦੇਸ਼ ਹਾਸਲ ਕਰਨ ਲਈ, ਦਹਿਸ਼ਤਵਾਦ ਦਾ ਇਸਤੇਮਾਲ ਕਰਦੇ ਹਨ। ਇਹ ਉਨ੍ਹਾਂ ਦੇ ਰਾਜ ਦੀ ਨੀਤੀ ਦਾ ਉਤਨਾ ਹੀ ਹਿੱਸਾ ਹੈ ਜਿਤਨਾ ਕਿ ਸ਼ਰੇਆਮ ਰਾਜਕੀ ਦਮਨ ਹੈ। ਇਹ ਅੰਤਰਰਾਸ਼ਟਰੀ ਭੂ-ਰਾਜਨੀਤੀ ਦਾ ਉਤਨਾ ਹੀ ਹਿੱਸਾ ਹੈ, ਜਿਤਨਾ ਕਿ ਕੂਟਨੀਤੀ ਅਤੇ ਉਸਦੀ ਨਿਰੰਤਰਤਾ, ਜਾਣੀ ਕਿ ਜੰਗ ਹੈ। ਲੋਕਾਂ ਨੂੰ ਇਸ ਭਰਮਜਾਲ ਵਿੱਚ ਨਹੀਂ ਫਸਣਾ ਚਾਹੀਦਾ ਕਿ ਦਹਿਸ਼ਤਵਾਦੀ ਹਮਲੇ ਕਰਵਾਉਣ ਵਾਲੇ "ਗੈਰ-ਰਾਜਕੀਯ ਕਾਰਕ" ਹਨ। ਦਹਿਸ਼ਤੀ ਹਮਲੇ ਰਾਜ ਦਾ ਹੀ ਕਾਰਾ ਹਨ, ਬਿਲਕੁੱਲ ਉਸੇ ਤਰ੍ਹਾਂ ਜਿਵੇਂ ਕਿ ਫਿਰਕੂ ਕਤਲੇਆਮ, ਜਾਤੀਵਾਦੀ ਹਮਲੇ, ਆਦਿ, "ਗੈਰ-ਰਾਜਕੀਯ ਕਾਰਕਾਂ" ਦਾ ਨਹੀਂ ਬਲਕਿ ਖੁਦ ਰਾਜ ਦਾ ਕਾਰਾ ਹਨ।

ਜੇਕਰ ਬੀਤੀ ਸਦੀ ਦੇ ਵਿਸ਼ਵ ਇਤਿਹਾਸ ਤੇ ਝਾਤ ਮਾਰੀ ਜਾਵੇ, ਤਾਂ ਇਸ ਗੱਲ ਨੂੰ ਸਾਬਤ ਕਰਨ ਵਾਲੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ। ਅਕਤੂਬਰ ਇਨਕਲਾਬ ਦੀ ਜਿੱਤ ਤੋਂ ਬਾਅਦ, ਉਸ ਵਕਤ ਦੀਆਂ ਸਾਮਰਾਜਵਾਦੀ ਤਾਕਤਾਂ ਨੇ ਸੋਵੀਅਤ ਯੂਨੀਅਨ ਦੇ ਅੰਦਰ ਅਤੇ ਯੂਰਪ ਦੇ ਪੂੰਜੀਵਾਦੀ ਦੇਸ਼ਾਂ ਦੇ ਅੰਦਰ ਕਈ ਸਾਰੇ ਦਹਿਸ਼ਤਗਰਦ ਹਮਲੇ ਜਥੇਬੰਦ ਕੀਤੇ ਸਨ। ਇਹ ਹਮਲੇ, ਸਮਾਜਵਾਦ ਨੂੰ ਨਸ਼ਟ ਕਰਨ ਅਤੇ ਕਮਿਊਨਿਸਟ ਅੰਦੋਲਨ ਨੂੰ ਬਦਨਾਮ ਕਰਨ ਦੇ ਮਨਸ਼ੇ ਨਾਲ ਕੀਤੇ ਗਏ ਸਨ। ਸਰਦ-ਜੰਗ ਦੇ ਦੌਰਾਨ, ਅਮਰੀਕਾ ਅਤੇ ਸੋਵੀਅਤ ਯੂਨੀਅਨ, ਦੋਨਾਂ ਨੇ ਹੀ ਫਿਲਸਤੀਨੀਆਂ ਉਤੇ ਅਤੇ ਦੂਸਰੇ ਕੌਮੀ ਮੁਕਤੀ ਅੰਦੋਲਨਾਂ ਉੱਤੇ ਹਮਲੇ ਕਰਨ ਅਤੇ ਇਨਕਲਾਬੀ ਕਮਿਊਨਿਸਟਾਂ ਉੱਤੇ ਹਮਲੇ ਕਰਨ ਲਈ ਦਹਿਸ਼ਤਵਾਦ ਦਾ ਹਥਿਆਰ ਅਪਣਾਇਆ ਸੀ। ਹਿੰਦੋਸਤਾਨ ਦੇ ਸਰਮਾਏਦਾਰ ਰਾਜ ਨੇ, 1960ਵਿਆਂ ਅਤੇ 70ਵਿਆਂ ਦੇ ਦਹਾਕਿਆਂ ਵਿੱਚ ਕਮਿਊਨਿਸਟ ਇਨਕਲਾਬੀਆਂ ਨੂੰ ਬਦਨਾਮ ਕਰਨ ਲਈ, ਉਨ੍ਹਾਂ ਉੱਤੇ ਹਮਲਾ ਕਰਨ ਲਈ ਅਤੇ ਉੱਤਰ-ਪੂਰਬੀ ਰਾਜਾਂ ਦੇ ਲੋਕਾਂ ਦੇ ਕੌਮੀ ਮੁਕਤੀ ਅੰਦੋਲਨਾਂ ਉੱਤੇ ਹਮਲਾ ਕਰਨ ਦੇ ਉਦੇਸ਼ ਨਾਲ ਦਹਿਸ਼ਤਗਰਦੀ ਦੀ ਵਰਤੋਂ ਕੀਤੀ ਸੀ। ਪੂਰੇ ਦੱਖਣੀ ਏਸ਼ੀਆ ਅੰਦਰ, ਏਥੇ ਦੇ ਦੇਸ਼ਾਂ ਦੇ ਰਾਜਾਂ ਨੇ, ਅਤੇ ਵੱਖ-ਵੱਖ ਵਿਦੇਸ਼ੀ ਤਾਕਤਾਂ ਨੇ, ਆਪਣੇ ਉਦੇਸ਼ ਹਾਸਲ ਕਰਨ ਲਈ ਦਹਿਸ਼ਤਵਾਦ ਦੀ ਵਰਤੋਂ ਕੀਤੀ ਹੈ -- ਜਿਵੇਂ ਕਿ ਬਲੋਚਿਸਤਾਨ, ਪੰਜਾਬ, ਸ੍ਰੀਲੰਕਾ, ਆਦਿ, ਦੇ ਅੰਦਰ।

ਸਰਦ ਜੰਗ ਦੇ ਸਮਾਪਤ ਹੋ ਜਾਣ ਤੋਂ ਬਾਅਦ, ਸਾਮਰਾਜਵਾਦ ਨੇ ਅਤੇ ਪਿਛਾਂਹ-ਖਿਚੂ ਰਾਜਾਂ ਨੇ, ਕਮਿਊਨਿਸਟਾਂ ਉੱਤੇ ਅਤੇ ਸਾਮਰਾਜਵਾਦੀ ਧੌਂਸ ਦਾ ਵਿਰੋਧ ਕਰਨ ਵਾਲਿਆਂ ਉੱਤੇ, ਹਮਲੇ ਕਰਨ ਲਈ ਦਹਿਸ਼ਤਗਰਦੀ ਦੀ ਵਰਤੋਂ ਕੀਤੀ ਹੈ। ਇਸਲਾਮ 'ਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਇਨ੍ਹਾਂ ਹਮਲਿਆਂ ਦਾ ਵਿਸ਼ੇਸ਼ ਨਿਸ਼ਾਨਾਂ ਬਣਾਇਆ ਗਿਆ ਹੈ। ਅਮਰੀਕਨ ਸਾਮਰਾਜਵਾਦ ਨੇ, 11 ਸਤੰਬਰ 2001 ਨੂੰ ਨਿਊਯਾਰਕ ਅਤੇ ਵਾਸ਼ਿੰਗਟਨ 'ਚ ਹੋਏ ਦਹਿਸ਼ਤਗਰਦ ਹਮਲਿਆਂ ਦਾ ਬਹਾਨਾ ਬਣਾਕੇ, ਅਫਗਾਨਿਸਤਾਨ ਅਤੇ ਈਰਾਕ ਉੱਤੇ ਹਮਲਾਵਰ ਜੰਗ ਛੇੜ ਦਿੱਤੀ ਸੀ। ਇਹ ਦੇਖਿਆ ਜਾ ਸਕਦਾ ਹੈ ਕਿ 11 ਸਤੰਬਰ 2001 ਤੋਂ ਬਾਅਦ, ਈਰਾਕ ਤੋਂ ਇਲਾਵਾ, ਹਿੰਦੋਸਤਾਨ ਅਤੇ ਪਾਕਿਸਤਾਨ ਅੰਦਰ ਵੀ ਤਰ੍ਹਾਂ-ਤਰ੍ਹਾਂ ਦੇ ਦਹਿਸ਼ਤੀ ਹਮਲੇ ਬੇਹੱਦ ਵਧ ਅਤੇ ਫੈਲ ਗਏ ਹਨ।

ਆਪਣੇ ਇਲਾਕੇ ਅੰਦਰ, ਇਨ੍ਹਾਂ ਵਧ ਰਹੀਆਂ ਦਹਿਸ਼ਤੀ ਵਾਰਦਾਤਾਂ ਨੂੰ ਸਮਝਣ ਖਾਤਰ, ਸਾਨੂੰ ਇਹ ਧਿਆਨ ਰੱਖਣਾ ਪਏਗਾ ਕਿ ਏਸ਼ੀਆ, ਖਾਸਕਰ ਦੱਖਣੀ ਏਸ਼ੀਆ, ਅੱਜ ਇੱਕ ਐਸਾ ਖੇਤਰ ਹੈ, ਜਿਥੇ ਕਈ ਸਾਰੀਆਂ ਸਾਮਰਾਜਵਾਦੀ ਤਾਕਤਾਂ ਆਪਸ-ਵਿੱਚ ਭਿੜ ਰਹੀਆਂ ਹਨ। ਏਸ਼ੀਆ ਵਿੱਚ ਤੇਲ ਅਤੇ ਖਣਿਜਾਂ ਦੇ ਅਨਮੋਲ ਸਾਧਨ ਮੌਜੂਦ ਹਨ, ਅਤੇ ਏਥੇ ਅਰਬਾਂ ਦੀ ਸੰਖਿਆ 'ਚ ਲੋਕ ਵਸਦੇ

**ਬਾਕੀ ਸਫਾ 18 'ਤੇ**

# ਗੁਜਰਾਤ ਕਤਲੇਆਮ ਤੋਂ ਅੱਠ ਸਾਲ ਬਾਅਦ

28 ਫਰਵਰੀ 2002 ਦੇ ਦਿਨ, 50 ਤੋਂ ਵਧੇਰੇ ਕਾਰ ਸੇਵਕ, ਜੋ ਸਾਬਰਮਤੀ ਐਕਸਪ੍ਰੈਸ ਤੇ ਗੁਜਰਾਤ ਆ ਰਹੇ ਸਨ, ਗੋਧਰਾ ਵਿਖੇ ਰੇਲ ਦੇ ਡੱਬੇ 'ਚ ਅੱਗ ਲੱਗਣ ਨਾਲ ਸੜਕੇ ਮਰ ਗਏ ਸਨ।

ਇਸ ਭਿਆਨਕ ਘਟਨਾ ਤੋਂ ਤੁਰੰਤ ਬਾਅਦ, ਰਾਜ ਨੇ ਘੋਸ਼ਣਾ ਕੀਤੀ ਕਿ ਰੇਲ ਗੱਡੀ ਨੂੰ ਅੱਗ ਮੁਸ਼ਲਮਾਨਾਂ ਨੇ ਲਗਾਈ ਸ਼ੀ, ਅਤੇ ਇਸ ਤਰ੍ਹਾਂ ਅਹਿਮਦਾਬਾਦ ਅਤੇ ਹੋਰ ਥਾਵਾਂ ਤੇ ਮੁਸਲਮਾਨਾਂ ਉੱਤੇ ਇੱਕ ਨਸਲਕੁਸ਼ੀ ਦਾ ਹਮਲਾ ਸ਼ੁਰੂ ਕਰ ਦਿੱਤਾ ਗਿਆ। ਇਸ ਖੂਨ-ਖਰਾਬੇ 'ਚ, ਜੋ ਸ਼ਹਿਰਾਂ ਵਿੱਚ ਪੂਰਾ ਇੱਕ ਹਫਤਾ ਚਲਦਾ ਰਿਹਾ ਅਤੇ ਪੇਂਡੂ ਇਲਾਕਿਆਂ ਅੰਦਰ ਕਈ ਹਫਤਿਆਂ ਤਕ ਜਾਰੀ ਰਿਹਾ, ਹਜ਼ਾਰਾਂ ਮੁਸਲਮਾਨ ਲੋਕਾਂ ਦੇ ਬੇਰਹਿਮੀ ਨਾਲ ਕਤਲ ਅਤੇ ਬਲਾਤਕਾਰ ਕੀਤੇ ਗਏ, ਉਨ੍ਹਾਂ ਨੂੰ ਜਿੰਦਾ ਜਲਾਇਆ ਗਿਆ ਅਤੇ ਤਰ੍ਹਾਂ-ਤਰ੍ਹਾਂ ਦੇ ਜ਼ਬਰਾਂ ਦਾ ਨਿਸ਼ਾਨਾਂ ਬਣਾਇਆ ਗਿਆ। ਲੱਖਾਂ ਹੀ ਮੁਸਲਮਾਨਾਂ ਨੂੰ ਸ਼ਰਨਾਰਥੀ ਬਣਾ ਦਿੱਤਾ ਗਿਆ ਅਤੇ ਘੋਰ ਗੈਰ-ਮਾਨਵੀ ਹਾਲਤਾਂ 'ਚ ਸ਼ਰਨਾਰਥੀ ਕੈਂਪਾਂ 'ਚ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ। ਗੁਜਰਾਤ ਦੇ ਮੁੱਖ ਮੰਤਰੀ, ਨਰੇਂਦਰ ਮੋਦੀ, ਨੇ ਸ਼ਰੇਆਮ ਇਸ ਨਸਲਕੁਸ਼ੀ ਨੂੰ ਹੱਲਾਸ਼ੇਰੀ ਦਿੱਤੀ ਅਤੇ ਇਨ੍ਹਾਂ ਹਮਲਿਆਂ ਨੂੰ ਅੰਜ਼ਾਮ ਦੇਣ ਵਿੱਚ ਪੁਲਸ ਦੀ ਮੱਦਦ ਨਾਲ ਖੁਦ ਮੰਤਰੀ, ਵਿਧਾਇਕ ਅਤੇ ਭਾਜਪਾ ਦੇ ਬੜੇ ਨੇਤਾ ਅਗਵਾਈ ਦੇ ਰਹੇ ਸਨ। ਕਾਂਗਰਸ ਪਾਰਟੀ ਦੇ ਸਥਾਨਕ ਲੀਡਰਾਂ ਨੇ ਜਾਂ ਤਾਂ ਖੁਦ ਇਸ ਨਸਲਕੁਸ਼ੀ 'ਚ ਹਿੱਸਾ ਲਿਆ ਜਾਂ ਇਸਨੂੰ ਲਾਜ਼ਮੀ ਮੰਨਿਆ, ਜਦਕਿ ਕਾਂਗਰਸ ਲੀਡਰਸ਼ਿਪ ਨੇ ਤਥਾਕਥਿਤ ਹਿੰਦੂ ਪ੍ਰਤੀਘਾਤ ਦੇ ਸਾਹਮਣੇ ਆਪਣੀ "ਬੇਵਸੀ" ਜ਼ਾਹਰ ਕੀਤੀ। ਵੇਲੇ ਦੇ ਪ੍ਰਧਾਨ ਮੰਤਰੀ, ਅਟਲ ਬਿਹਾਰੀ ਵਾਜਪਾਈ, ਨੇ ਅਤੇ ਉਹਦੀ ਪਾਰਟੀ ਅਤੇ ਸਰਕਾਰ ਨੇ, ਗੁਜਰਾਤ 'ਚ ਇਸ ਨਸਲਕੁਸ਼ੀ ਨੂੰ ਪੂਰੀ ਤਰ੍ਹਾਂ ਜਾਇਜ਼ ਠਹਿਰਾਇਆ ਸੀ।

ਗੁਜਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਬਿਲਕੁੱਲ ਉਸੇ ਤਰ੍ਹਾਂ ਜਥੇਬੰਦ ਕੀਤੀ ਗਈ, ਜਿਸ ਤਰ੍ਹਾਂ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ, ਦਿੱਲੀ ਅਤੇ ਹੋਰ ਥਾਵਾਂ ਤੇ ਸਿੱਖਾਂ ਦੀ ਨਸਲਕੁਸ਼ੀ ਜਥੇਬੰਦ ਕੀਤੀ ਗਈ ਸੀ। ਇਸਦਾ ਪੂਰਾ ਬੰਦੋਬਸਤ ਪਹਿਲਾਂ ਤੋਂ ਹੀ ਕੀਤਾ ਹੋਇਆ ਸੀ—ਇੱਕ ਯੋਜਨਾਬਧ ਤਰੀਕੇ ਨਾਲ, ਵੋਟਰ ਲਿਸਟਾਂ ਅਤੇ ਕਾਤਲਾਨਾ ਸਮੱਗਰੀਆਂ ਪਹਿਲਾਂ ਹੀ ਜਮ੍ਹਾਂ ਕੀਤੀਆਂ ਹੋਈਆਂ ਸਨ। ਇਹ, ਗੋਧਰਾ ਹੱਤਿਆ ਕਾਂਡ ਪ੍ਰਤੀ, ਹਿੰਦੂਆਂ ਦਾ ਆਪ-ਮੁਹਾਰਾ ਪ੍ਰਤੀਕਰਮ ਬਿਲਕੁੱਲ ਨਹੀਂ ਸੀ।

ਗੁਜਰਾਤ ਕਤਲੇਆਮ ਤੋਂ ਬਾਅਦ, ਕਮਿਉਨਿਸਟਾਂ ਅਤੇ ਅਲੱਗ-ਅਲੱਗ ਧਰਮਾਂ 'ਚ ਵਿਸ਼ਵਾਸ ਰੱਖਣ ਵਾਲੇ ਹਜ਼ਾਰਾਂ ਹੀ ਲੋਕਾਂ ਨੇ ਬੜੀ ਬਹਾਦਰੀ ਨਾਲ, ਕੈਂਪਾਂ ਦੀ ਤਰਸਯੋਗ ਹਾਲਤ ਵਿੱਚ ਜੀਅ ਰਹੇ ਪੀੜਤ ਲੋਕਾਂ ਦੀ ਮੱਦਦ ਦਾ ਕੰਮ ਆਪਣੇ ਹੱਥਾਂ 'ਚ ਲਿਆ। ਉਨ੍ਹਾਂ ਨੇ ਇਹ ਕੰਮ, ਰਾਜ ਵਲੋਂ ਜ਼ਬਰਦਸਤ ਵਿਰੋਧ ਅਤੇ ਜ਼ਹਿਰੀਲੇ ਮਹੌਲ ਦੇ ਬਾਵਯੂਦ ਦਲੇਰੀ ਨਾਲ ਕੀਤਾ। ਉਸ ਵਕਤ ਕੱਟੜ ਫਿਰਕੂ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਸੱਭ ਮੁਸਲਮਾਨਾਂ ਦਾ ਕਤਲ ਅਤੇ ਬਲਾਤਕਾਰ ਕੀਤਾ ਜਾਣਾ ਚਾਹੀਦਾ ਹੈ। ਇਸ ਜ਼ਹਿਰੀਲੇ ਪ੍ਰਚਾਰ ਦਾ ਵਿਰੋਧ ਕਰਨ ਵਾਲਿਆਂ ਨੂੰ ਹਾਕਮਾਂ ਵਲੋਂ ਦੇਸ਼ ਦੇ ਦੁਸ਼ਮਣ ਕਰਾਰ ਦਿੱਤਾ ਜਾ ਰਿਹਾ ਸੀ। ਬਹੁਤ ਸਾਰੇ ਲੋਕਾਂ ਨੇ ਬੜੀ ਬਹਾਦਰੀ ਨਾਲ, ਇਸ ਕਤਲੇਆਮ ਵਿੱਚ ਰਾਜ ਦੀ ਭੂਮਿਕਾ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦੇ ਕੰਮ ਅਤੇ ਸੰਘਰਸ਼ ਨਾਲ, ਹਿੰਦੋਸਤਾਨ ਦੇ ਸੱਭ ਲੋਕਾਂ ਨੂੰ ਸਪੱਸ਼ਟ ਹੋ ਗਿਆ ਕਿ ਇਹ ਕਤਲੇਆਮ ਹਿੰਦੂਆਂ ਦਾ ਕੰਮ ਨਹੀਂ ਸੀ, ਬਲਕਿ ਇਹ ਰਾਜ ਅਤੇ ਸੱਤਾਧਾਰੀ ਪਾਰਟੀ ਦਾ ਹੀ ਕਾਰਾ ਸੀ।

ਫਿਰਕੂ ਕਤਲੇਆਮ ਜਥੇਬੰਦ ਕਰਵਾਉਣ ਵਾਲਿਆਂ ਨੂੰ ਸਜ਼ਾ ਦਵਾਉਣ ਦੀ ਹਿੰਦੋਸਤਾਨੀ ਲੋਕਾਂ ਦੀ ਮੁਹਿੰਮ, ਜੋ 1984 'ਚ ਹੋਏ ਸਿੱਖਾਂ ਦੇ ਕਤਲੇਆਮ ਦੇ ਵੇਲੇ ਤੋਂ ਚੱਲ ਰਹੀ ਸੀ, ਉਹ ਗੁਜਰਾਤ 'ਚ ਹੋਏ ਇਸ ਕਤਲੇਆਮ ਤੋਂ ਬਾਅਦ ਹੋਰ ਵੀ ਤੇਜ਼ ਹੋ ਗਈ। 1984 ਅਤੇ 2002 ਦੇ ਅਨੁਭਵਾਂ ਅਤੇ ਉਦੋਂ ਤੋਂ ਹੁਣ ਤੱਕ, ਕੇਂਦਰ ਵਿੱਚ ਸੱਤਾਧਾਰੀ ਹਰ ਇੱਕ ਸਰਕਾਰ ਵਲੋਂ ਗੁਨਾਹਗਾਰਾਂ ਨੂੰ ਸਜਾ ਦੇਣ ਲਈ ਕੋਈ ਵੀ ਕਦਮ ਨਾ ਉਠਾਉਣ ਦੇ ਅਧਾਰ ਤੇ, ਇਸ ਮੁਹਿੰਮ ਨੇ ਇਹ ਸਵਾਲ ਸਾਹਮਣੇ ਲਿਆਂਦਾ ਹੈ ਕਿ "ਹਿੰਦੋਸਤਾਨ ਦੇ ਲੋਕ, ਰਾਜ ਅਤੇ ਸੱਤਾਧਾਰੀ ਪਾਰਟੀਆਂ ਨੂੰ ਸਜ਼ਾ ਕਿਵੇਂ ਦੇ ਸਕਦੇ ਹਨ, ਜਦ ਇਹੀਓ ਰਾਜ ਅਤੇ ਪਾਰਟੀਆਂ ਹੀ ਫਿਰਕੂ ਕਤਲੇਆਮਾਂ ਦੇ ਕਾਰਕ ਹਨ?"

ਸੋਨੀਆਂ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਨੇ ਅਤੇ ਸੀ.ਪੀ.ਆਈ. ਅਤੇ ਸੀ.ਪੀ.ਐਮ ਵਰਗੀਆਂ ਖੱਬੀਆਂ ਪਾਰਟੀਆਂ ਨੇ, ਰਾਜ ਵਲੋਂ ਕਰਵਾਏ ਜਾਂਦੇ ਫਿਰਕੂ ਕਤਲੇਆਮਾਂ ਨੂੰ ਹਮੇਸ਼ਾਂ ਲਈ ਖਤਮ ਕਰਨ ਅਤੇ ਗੁਨਹਗਾਰਾਂ ਨੂੰ ਸਜ਼ਾ ਦਵਾਉਣ ਦੇ ਲੋਕਾਂ ਸੰਘਰਸ਼ ਨੂੰ ਗੁਮਰਾਹ ਕਰਨ ਦੇ ਭਰਪੂਰ ਯਤਨ ਕੀਤੇ ਹਨ; ਉਨ੍ਹਾਂ ਨੇ ਲੋਕਾਂ ਦੇ ਗੁੱਸੇ ਨੂੰ, ਇੱਕ ਭਾਜਪਾ-ਵਿਰੋਧੀ ਗਠਜੋੜ ਬਣਾਕੇ, ਕਾਂਗਰਸ ਨੂੰ ਸੱਤਾ 'ਚ ਲਿਆਉਣ ਦੇ ਉਦੇਸ਼ ਲਈ ਇਸਤੇਮਾਲ ਕੀਤਾ। ਉਸ ਵੇਲੇ ਸਰਮਾਏਦਾਰੀ ਦੇ ਆਰਥਕ ਸੁਧਾਰਾਂ ਦੇ ਦੂਸਰੇ ਦੌਰ ਦੇ ਖਿਲਾਫ ਲੋਕਾਂ ਦੇ ਏਕਤਾਬਧ ਸੰਘਰਸ਼ ਨੂੰ ਬਹਿਕਾਅ ਕੇ, ਇੱਕ "ਧਰਮ-ਨਿਰਪੇਖ" ਸਰਕਾਰ ਬਨਾਉਣ ਦੇ ਰਾਸਤੇ ਤੇ ਪਾ ਦਿੱਤਾ ਗਿਆ। ਸੀ.ਪੀ.ਐਮ. ਅਤੇ ਸੀ.ਪੀ.ਆਈ. ਦਾ ਦਾਵ੍ਹਾ ਸੀ ਕਿ ਗੁਜਰਾਤ ਦੇ ਤਕਲੇਆਮ ਤੋਂ ਬਾਦ ਇੱਕ "ਧਰਮ ਨਿਰਪੇਖ" ਸਰਕਾਰ ਬਨਾਉਣਾ, ਆਰਥਕ ਸੁਧਾਰਾਂ ਦੀ ਮੁਖਾਲਫਤ ਕਰਨ ਨਾਲੋਂ ਵਧੇਰੇ ਜਰੂਰੀ ਸੀ।

ਮਨਮੋਹਣ ਸਿੰਘ ਦੀ ਪਹਿਲੀ ਸੰਪ੍ਰਗ ਸਰਕਾਰ ਦੇ ਸੱਤਾ ਤੇ ਬਿਰਾਜਮਾਨ ਹੁੰਦਿਆਂ ਸਾਰ ਹੀ, ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਨੇ ਕਈ ਹੋਰ ਜਥੇਬੰਦੀਆਂ ਨਾਲ ਮਿਲਕੇ, 6 ਜੁਲਾਈ 2004 ਨੂੰ ਇੱਕ ਵਿਸ਼ਾਲ ਜਨਤਕ, ਮੁਜ਼ਾਹਰਾ ਜਥੇਬੰਦ ਕੀਤਾ। ਇਸ ਜਨਤਕ ਮੁਜ਼ਾਹਰੇ ਨੇ ਐਲਾਨ ਕੀਤਾ ਕਿ ਹਿੰਦੋਸਤਾਨ ਦੇ ਲੋਕ ਫਿਰਕੂ ਕਤਲੇਆਮ ਜਥੇਬੰਦ ਕਰਨ ਦੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਲਈ ਸੰਘਰਸ਼ ਜਾਰੀ ਰੱਖਣਗੇ, ਅਤੇ ਇੱਕ ਐਸੀ ਹਾਲਤ ਤਿਆਰ ਕਰਨਗੇ, ਜਿਹਦੇ ਅੰਦਰ ਰਾਜ ਵਲੋਂ ਜਥੇਬੰਦ ਕੀਤੇ ਜਾਂਦੇ ਫਿਰਕੂ ਕਤਲੇਆਮ ਸੰਭਵ ਨਹੀਂ ਹੋਣਗੇ। ਇਹ ਐਲਾਨ, ਸੰਘਰਸ਼ੀਲ ਲੋਕਾਂ ਵਲੋਂ ਆਪਣੇ ਸੰਘਰਸ਼ ਨੂੰ ਜਾਰੀ ਰੱਖਣ ਦੀ ਦ੍ਰਿੜਤਾ ਦਾ ਇੱਕ ਇਜ਼ਹਾਰ ਸੀ; ਇਹ, ਸੰਘਰਸ਼ੀਲ ਤਾਕਤਾਂ ਦੀ ਏਸ ਸਮਝ ਦਾ ਇੱਕ ਇਜ਼ਹਾਰ ਸੀ ਕਿ ਸੰਪ੍ਰਗ ਸਰਕਾਰ ਗੁਨਾਹਗਾਰਾਂ ਨੂੰ ਸਜ਼ਾ ਦੇਣ ਲਈ ਕੁੱਝ ਵੀ ਨਹੀਂ ਕਰੇਗੀ।

ਜੀਵਨ ਦੇ ਅਨੁਭਵ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਨਰੇਂਦਰ ਮੋਦੀ ਅਜੇ ਵੀ ਗੁਜਰਾਤ ਤੇ ਰਾਜ ਕਰ ਰਿਹਾ ਹੈ ਅਤੇ ਗੁਜਰਾਤ 'ਚ ਹੋਏ ਕਤਲੇਆਮ ਲਈ ਕਿਸੇ ਨੂੰ ਭੀ ਸਜ਼ਾ ਨਹੀਂ ਦਿੱਤੀ ਗਈ ਹੈ। ਕਾਂਗਰਸ ਪਾਰਟੀ ਨੂੰ ਸਿੱਖਾਂ ਦੇ ਕਤਲੇਆਮ ਲਈ ਅਜੇ ਤਕ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ। ਗੁਨਾਹਗਾਰਾਂ ਨੂੰ ਸਜ਼ਾ ਦੇਣ ਦਾ ਕੋਈ ਵੀ ਤੰਤਰ ਮੌਜੂਦ ਨਹੀਂ ਹੈ, ਜਦਕਿ ਰਾਜ ਖੁਦ ਹੀ ਗੁਨਾਹਗਾਰ ਹੈ।

ਪਹਿਲੀ ਸੰਪ੍ਰਗ ਸਰਕਾਰ ਨੇ, ਕਥਿਤ ਤੌਰ ਤੇ ਫਿਰਕੂ ਹਿੰਸਾ ਨਾਲ ਨਿਪਟਣ ਲਈ, 2005 ਵਿੱਚ ਪਾਰਲੀਮੈਂਟ ਵਿੱਚ ਇੱਕ ਬਿੱਲ ਪੇਸ਼ ਕੀਤਾ। ਇਸ ਬਿੱਲ ਨੂੰ ਠੰਡੇ ਬਸਤੇ 'ਚ ਰੱਖਣਾ ਪਿਆ, ਕਿਉਂਕਿ ਸੰਘਰਸ਼ਸ਼ੀਲ ਲੋਕਾਂ ਨੇ ਇਹਦੀ ਮੁਖਾਲਫਤ ਕੀਤੀ ਅਤੇ ਗੁਨਾਹਗਾਰਾਂ ਨੂੰ ਅਸਲ 'ਚ ਸਜ਼ਾ ਦੇਣ ਦੀ ਮੰਗ ਤੇ ਜੋਰ ਦਿੱਤਾ। ਇਸ ਬਿੱਲ ਦੀ ਬੁਨਿਆਦੀ ਖਾਮੀ ਇਹ ਸੀ ਕਿ ਇਹਦੇ 'ਚ ਰਾਜ ਵਲੋਂ ਜਥੇਬੰਦ ਕੀਤੀ ਜਾਂਦੀ ਹਿੰਸਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਕਿ ਇਹ ਇੱਕ ਆਮ ਲੋਕਾਂ

**ਬਾਕੀ ਸਫਾ 19 'ਤੇ**

# ਰਾਜਨੀਤੀ ਦੇ ਅਪਰਾਧੀਕਰਣ ਦੇ ਖਿਲਾਫ ਅਤੇ ਲੋਕਾਂ ਦੇ ਹੱਥਾਂ 'ਚ ਸੱਤਾ ਲਈ ਰੈਲੀ ਦੀ 17ਵੀਂ ਵਰ੍ਹੇਗੰਢ

17 ਵਰ੍ਹੇ ਪਹਿਲਾਂ, 22 ਫਰਵਰੀ 1993 ਨੂੰ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਸਾਥੀਆਂ ਨੇ, ਕਈ ਜਨਤਕ ਜਥੇਬੰਦੀਆਂ ਨਾਲ ਮਿਲਕੇ, ਦਿੱਲੀ ਵਿੱਚ ਫਿਰੋਜ਼ਸ਼ਾਹ ਕੋਟਲਾ ਵਿਖੇ ਸਥਿਤ ਸ਼ਹੀਦ ਭਗਤ ਸਿੰਘ ਦੇ ਸਮਾਰਕ 'ਤੇ, ਇੱਕ ਇਤਿਹਾਸਕ ਰੈਲੀ ਜਥੇਬੰਦ ਕੀਤੀ ਸੀ।

ਬਾਬਰੀ ਮਸਜਿਦ ਨੂੰ ਗਿਰਾਏ ਜਾਣ ਦੇ ਠੀਕ ਬਾਅਦ, ਜਿਸ ਸਮੇਂ ਦਿੱਲੀ ਦੇ ਤਕਰੀਬਨ ਸੱਭ ਇਲਾਕਿਆਂ ਵਿੱਚ ਹੀ ਦਫਾ 144 ਲਾਗੂ ਸੀ, ਉਸ ਵਕਤ ਇਸ ਇਤਿਹਾਸਕ ਰੈਲੀ ਨੇ ਵੀਰਤਾ ਨਾਲ ਕਰਫਿਊ ਦੀਆਂ ਬੰਧਸ਼ਾਂ ਦਾ ਉਲੰਘਣ ਕਰਕੇ, ਭਾਜਪਾ ਅਤੇ ਕਾਂਗਰਸ, ਦੋਨਾਂ ਦੇ ਖਿਲਾਫ ਅਵਾਜ਼ ਉਠਾਈ ਸੀ। ਦੇਸ਼ ਦੇ ਅਨੇਕ ਹਿੱਸਿਆਂ ਅੰਦਰ ਹਜਾਰਾਂ ਹੀ ਲੋਕਾਂ ਦੇ ਫਿਰਕੂ ਕਤਲੇਆਮ ਦੀ ਅਪਰਾਧੀ ਰਾਜਨੀਤੀ ਲਈ, ਭਾਜਪਾ ਅਤੇ ਕਾਂਗਰਸ ਨੂੰ ਬਰਾਬਰ ਦੀਆਂ ਗੁਨਾਹਗਾਰ ਠਹਿਰਾਇਆ ਗਿਆ ਸੀ। ਇਸ ਮੌਕੇ ਤੇ ਜਾਰੀ ਕੀਤੇ ਗਏ ਪਰਚੇ ਨੂੰ, ਆਂਉਂਦੇ-ਜਾਂਦੇ ਹਜ਼ਾਰਾਂ ਹੀ ਲੋਕਾਂ ਨੇ ਉਤਸੁਕਤਾ ਨਾਲ ਪੜ੍ਹਿਆ ਅਤੇ ਉਹ ਰੈਲੀ 'ਚ ਹੋ ਰਹੀਆਂ ਤਕਰੀਰਾਂ ਨੂੰ ਸੁਣਨ ਲਈ ਰੁਕੇ।

ਪਾਰਟੀ ਦੇ ਸਾਥੀਆਂ ਨੇ ਸਾਫ-ਸਾਫ ਦੱਸਿਆ ਕਿ ਸਾਡੇ ਦੇਸ਼ ਦੀ ਮੌਜੂਦਾ ਰਾਜਨੀਤਕ ਵਿਵਸਥਾ ਅੰਦਰ ਵੱਡੇ ਅਜਾਰੇਦਾਰ ਸਰਮਾਏਦਾਰਾਂ ਦੀਆਂ ਪਾਰਟੀਆਂ, ਜਿਵੇਂ ਕਿ ਕਾਂਗਰਸ ਅਤੇ ਭਾਜਪਾ, ਹੀ ਰਾਜਨੀਤਕ ਏਜੰਡੇ ਤੈਅ ਕਰਦੀਆਂ ਹਨ, ਜਦ ਕਿ ਆਮ ਲੋਕਾਂ ਨੂੰ ਰਾਜਨੀਤਕ ਪ੍ਰੀਕ੍ਰਿਆ ਤੋਂ ਕੋਹਾਂ ਦੂਰ ਰੱਖਿਆ ਜਾਂਦਾ ਹੈ

ਇਹ ਰਾਜਨੀਤਕ ਪਾਰਟੀਆਂ, ਅਪਰਾਧੀ ਤਰੀਕਿਆਂ ਨਾਲ ਲੋਕਾਂ ਨੂੰ ਅੱਡੋ-ਫਾੜ ਕਰਦੀਆਂ ਹਨ ਅਤੇ ਖੂਨ-ਖਰਾਬੇ ਕਰਵਾਉਂਦੀਆਂ ਹਨ, ਤਾਂਕਿ ਵੱਡੇ ਸਰਮਾਏਦਾਰਾਂ ਦੀ ਹਕੂਮਤ ਨੂੰ ਬਰਕਰਾਰ ਰੱਖਣ ਲਈ, ਘੋਰ ਅਨਿਆਂਵਾਂ ਅਤੇ ਜ਼ਬਰ ਦੇ ਖਿਲਾਫ ਸਾਡੇ ਲੋਕਾਂ ਦੇ ਸੰਘਰਸ਼ਾਂ ਨੂੰ ਅਸਾਨੀ ਨਾਲ ਕੁਚਲਿਆ ਜਾ ਸਕੇ। ਸਾਡੇ ਹਾਕਮਾਂ ਨੇ ਆਪਣੇ ਬਸਤੀਵਾਦੀ ਮਾਲਕਾਂ ਤੋਂ ਇਹ ਤਰੀਕਾ ਸਿੱਖਿਆ ਸੀ, ਅਤੇ ਹੁਣ ਉਹ ਇਸਨੂੰ ਹੋਰ ਵੀ ਕੁਸ਼ਲਤਾ ਨਾਲ ਬਾਰ-ਬਾਰ ਇਸਤੇਮਾਲ ਕਰਦੇ ਹਨ। ਇਹ, ਲੋਕ-ਦੋਖੀ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਉਨ੍ਹਾਂ ਦਾ ਇੱਕ ਪਸੰਦੀਦਾ ਹਥਿਆਰ ਹੈ। ਆਮ ਮਿਹਨਤਕਸ਼ ਲੋਕ ਇਸ ਅਪਰਾਧੀ ਨੀਤੀ ਦਾ ਬੇਬਸ ਸ਼ਿਕਾਰ ਬਣਦੇ ਹਨ, ਅਤੇ ਸਮਾਜ ਦੀ ਦਿਸ਼ਾ ਤੈਅ ਕਰਨ ਵਿੱਚ ਲੋਕਾਂ ਤੋਂ ਕੋਈ ਰਾਇ ਨਹੀਂ ਲਈ ਜਾਂਦੀ।

ਮੌਜੂਦਾ ਰਾਜਨੀਤਕ ਵਿਵਸਥਾ ਦੀ ਮੂਲ ਸਮੱਸਿਆ -- ਜਾਣੀਕਿ ਫੈਸਲੇ ਲੈਣ ਅਤੇ ਪੂਰੇ ਸਮਾਜ ਦਾ ਏਜੰਡਾ ਤੈਅ ਕਾਰਨ ਦੀ ਤਾਕਤ ਸਿਰਫ ਮੁੱਠੀ-ਭਰ ਸ਼ਾਸਕਾਂ ਦੇ ਹੱਥਾਂ 'ਚ ਹੈ, ਜੋ ਆਪਣੇ ਹਿੱਤਾਂ ਦੀ ਹਿਫਾਜ਼ਤ ਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਦੇ ਜ਼ਰੀਏ, ਵੱਡੇ ਸਰਮਾਏਦਾਰਾਂ ਦੇ ਹਿੱਤ 'ਚ ਸ਼ਾਸਨ ਕਰਦੇ ਹਨ — ਏਹੀਉ ਸਾਡੇ ਲੋਕਾਂ ਦੀਆਂ ਅਣਗਿਣਤ ਸਮੱਸਿਆਵਾਂ ਦੀ ਜੜ੍ਹ ਹੈ, ਇਸ ਤਰ੍ਹਾਂ ਸਾਥੀਆਂ ਨੇ ਰੈਲੀ 'ਚ ਬੜੀ ਬਹਾਦਰੀ ਨਾਲ ਕਿਹਾ, ਆਪਣੇ ਨਾਹਰਿਆਂ, ਤਕਰੀਰਾਂ ਅਤੇ ਪਰਚੇ ਰਾਹੀਂ ਮੌਜੂਦਾ ਰਾਜਨੀਤਕ ਪ੍ਰਕ੍ਰਿਆ ਅੰਦਰ ਹਰ ਕੁੱਝ ਸਾਲਾਂ ਬਾਅਦ ਚੋਣਾਂ ਕਰਵਾਈਆਂ ਜਾਂਦੀਆਂ ਹਨ, ਜਿਨ੍ਹਾਂ 'ਚ ਲੋਕਾਂ ਨੂੰ ਇਹ ਚੁਣਦਾ ਪੈਂਦਾ ਹੈ ਕਿ ਇਨ੍ਹਾਂ ਹੀ ਗੁਨਾਹਗਾਰ ਪਾਰਟੀਆਂ ਵਿਚੋਂ ਕਿਹੜੀ ਪਾਰਟੀ ਉਨ੍ਹਾਂ ਦੀ ਪ੍ਰਤੀਨਿਧਤਾ ਕਰੇਗੀ। ਇਹ ਦੱਸਿਆ ਗਿਆ ਕਿ ਏਹੋ ਪ੍ਰਕ੍ਰਿਆ ਮਜਦੂਰਾਂ, ਕਿਸਾਨਾਂ ਅਤੇ ਸੱਭ ਮਿਹਨਤਕਸ਼ ਲੋਕਾਂ ਨੂੰ ਰਾਜਨੀਤਕ ਸੱਤਾ ਤੋਂ ਕੋਹਾਂ ਦੂਰ ਕਰ ਦਿੰਦੀ ਹੈ। ਇਸ ਰਾਜਨੀਤਕ ਵਿਵਸਥਾ ਅਤੇ ਪ੍ਰੀਕ੍ਰਿਆ ਦਾ ਮੁਕੰਮਲ ਨਵ-ਨਿਰਮਾਣ ਜਰੂਰੀ ਹੈ। ਇੱਕ ਨਵੀਂ ਰਾਜਨੀਤਕ ਵਿਵਸਥਾ ਸਥਾਪਤ ਕਰਨ ਦੀ ਜਰੂਰਤ ਹੈ, ਜਿਸ ਅੰਦਰ ਰਾਜਨੀਤਕ ਸੱਤਾ ਮਜਦੂਰਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੇ ਹੱਥਾਂ ਵਿੱਚ ਹੋਵੇਗੀ। ਇੱਕ ਐਸੀ ਰਾਜਨੀਤਕ ਪ੍ਰਕ੍ਰਿਆ ਦੀ ਜਰੂਰਤ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜਨੀਤਕ ਸੱਤਾ ਮਿਹਨਤਕਸ਼ ਲੋਕਾਂ ਦੇ ਹੱਥਾਂ ਵਿੱਚ ਰਹੇ ਅਤੇ ਕਾਂਗਰਸ ਅਤੇ ਭਾਜਪਾ



**ਸਤੰਬਰ 2003 ਨੂੰ, ਨੌਹਰ (ਰਾਜਸਥਾਨ) 'ਚ ਕਿਸਾਨ ਮਹਾਂ-ਪੰਚਾਇਤ ਦਾ ਇਕ ਦ੍ਰਿਸ਼**

ਵਰਗੀਆਂ, ਸਰਮਾਏਦਾਰਾਂ ਦੀਆਂ ਅਪਰਾਧੀ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਰੱਖਿਆ ਜਾਵੇ। ਇਸ ਵਿੱਚ ਉਹ ਤੰਤਰ ਵੀ ਸ਼ਾਮਲ ਹੋਣੇ ਚਾਹੀਦੇ ਹਨ, ਜਿਨ੍ਹ ਦੇ ਜ਼ਰੀਏ ਮਿਹਨਤਕਸ਼ ਲੋਕ, ਸਮਾਜ ਦੇ ਭਵਿੱਖ ਉੱਤੇ ਅਸਰ ਪਾਉਣ ਵਾਲੇ ਫੈਸਲੇ ਖੁਦ ਲੈ ਸਕਦੇ ਹੋਣ ਅਤੇ ਉਨ੍ਹਾਂ ਫੈਸਲਿਆਂ ਨੂੰ ਲਾਗੂ ਕੀਤਾ ਜਾਣਾ ਯਕੀਨੀ ਬਣਾ ਸਕਦੇ ਹੋਣ।

ਕਮਿਉਨਿਸਟ ਗ਼ਦਰ ਪਾਰਟੀ ਦੀ ਪਹਿਲ ਤੇ, 17 ਵਰ੍ਹੇ ਪਹਿਲਾਂ ਜਾਰੀ ਕੀਤਾ ਗਿਆ ਇਹ ਐਲਾਨ, ਸੀ.ਪੀ.ਐਮ. ਅਤੇ ਸੀ.ਪੀ.ਆਈ. ਵਰਗੀਆਂ ਸੰਸਦੀ ਕਮਿਉਨਿਸਟ ਪਾਰਟੀਆਂ ਵਲੋਂ ਸਰਮਾਏਦਾਰਾਂ ਦੇ ਨਾਲ ਸਮਝੌਤਾ ਕਰਨ ਦੀ ਰਾਜਨੀਤੀ ਦੇ ਬਿਲਕੁੱਲ ਉਲਟ ਸੀ। ਸੀ.ਪੀ.ਐਮ. ਅਤੇ ਸੀ.ਪੀ.ਆਈ. ਵਰਗੀਆਂ ਪਾਰਟੀਆਂ, ਮੌਜੂਦਾ ਰਾਜਨੀਤਕ ਵਿਵਸਥਾ ਅਤੇ ਉਸਦੇ ਸੰਵਿਧਾਨ ਦੀ ਹਿਫਾਜ਼ਤ ਵਫਾਦਾਰੀ ਨਾਲ ਕਰਦੀਆਂ ਹਨ ਅਤੇ ਉਨ੍ਹਾਂ ਦਾ ਵਿਰੋਧ, ਵੱਧ-ਤੋਂ-ਵੱਧ ਏਸੇ ਵਿਵਸਥਾ ਦੇ ਅੰਦਰ ਕੁੱਝ ਛੋਟੇ-ਮੋਟੇ ਸੁਧਾਰ ਲਿਆਉਣ ਤਕ ਹੀ ਸੀਮਤ ਰਹਿੰਦਾ ਹੈ। 22 ਫਰਵਰੀ 1993 ਦੀ ਇਸ ਇਤਿਹਾਸਕ ਰੈਲੀ ਅਤੇ ਜਾਰੀ ਕੀਤੇ ਗਏ ਬਿਆਨ ਨੂੰ ਪੂਰੇ ਦੇਸ਼ ਅੰਦਰੋਂ ਅਤੇ ਵਿਦੇਸ਼ਾਂ 'ਚੋਂ ਵੀ ਹਜ਼ਾਰਾਂ ਹੀ ਹਿੰਦੋਸਤਾਨੀਆਂ ਨੇ ਸਮਰਥਨ ਦਿੱਤਾ ਸੀ, ਕਿਉਂਕਿ ਇਹਨੇ ਉਸ ਭਵਿੱਖ ਦਾ ਰਾਸਤਾ ਦਿਖਾਇਆ ਸੀ, ਜਿਹਦੇ ਅੰਦਰ ਸਾਡੇ ਲੋਕ ਖੁਦ ਆਪਣੀ ਤਕਦੀਰ ਦੇ ਮਾਲਕ ਹੋਣਗੇ।

22 ਫਰਵਰੀ 1993 ਦੇ ਇਤਿਹਾਸਕ ਪ੍ਰੋਗਰਾਮ ਨਾਲ, ਕਮੇਟੀ ਫਾਰ ਪੀਪਲਜ਼ ਇਮਪਾਵਰਮੈਂਟ (ਸੀ.ਪੀ.ਈ.) ਦੀ ਸਥਾਪਨਾ ਹੋਈ। ਜਨਤਾ ਦੇ ਅਧਿਕਾਰਾਂ ਦੀ ਹਿਫਾਜ਼ਤ ਲਈ ਲੜ ਰਹੇ ਸੈਂਕੜੇ ਹੀ ਲੋਕ—ਮਾਨਵ ਅਧਕਾਰ ਕਾਰਜਕਰਤਾ, ਮੀਡੀਆ ਕਰਮਚਾਰੀ, ਵਕੀਲ, ਜੱਜ, ਸਕੂਲਾਂ-ਕਾਲਜਾਂ ਦੇ ਅਧਿਆਪਕ, ਲੇਖਕ, ਫਿਲਮ ਨਿਰਮਾਤਾ, ਇਸਤਰੀ ਕਾਰਜਕਰਤਾ, ਮਜਦੂਰ, ਕਿਸਾਨ, ਨੌਜਵਾਨ ਆਦਿ—ਇਸ ਕਮੇਟੀ ਨਾਲ ਜੁੜ ਗਏ। ਸੀ.ਪੀ.ਈ. ਇੱਕ ਐਸਾ ਮੰਚ ਬਣ ਗਈ, ਜਿਸ ਅੰਦਰ, ਲੋਕਾਂ ਦੀ ਸੱਤਾ-ਹੀਣਤਾ ਤੋਂ ਚਿੰਤਤ ਸਾਰੇ ਲੋਕ, ਚਾਹੇ ਉਹ ਕਿਸੇ ਵੀ ਵਿਚਾਰਧਾਰਾ ਜਾਂ ਸੰਗਠਨ ਤੋਂ ਹੋਣ, ਮਿਲਕੇ ਕੰਮ ਕਰ ਸਕਦੇ ਸਨ।

ਸੀ.ਪੀ.ਈ. ਦਾ ਇੱਕ ਮੁੱਖ ਯੋਗਦਾਨ, ਵਰਤਮਾਨ ਰਾਜਨੀਤਕ ਵਿਵਸਥਾ ਦੇ ਵਿਸ਼ਲੇਸ਼ਣ ਨੂੰ ਗਹਿਰਾ ਅਤੇ ਵਿਸਤ੍ਰਿਤ ਕਰਨਾ ਅਤੇ ਸਾਡੇ ਲੋਕਾਂ ਦੀ ਸੱਤਾ-ਹੀਣਤਾ ਦੀਆਂ ਜੜ੍ਹਾਂ ਨੂੰ ਸਪੱਸ਼ਟ ਕਰਨਾ ਸੀ। ਉਸ ਪ੍ਰੋਗਰਾਮ ਤੋਂ ਬਾਅਦ ਦੇ ਸਾਲਾਂ ਅੰਦਰ, ਸੀ.ਪੀ.ਈ. ਨੇ ਲੋਕਾਂ ਨੂੰ ਸੱਤਾ 'ਚ ਲਿਆਉਣ ਦੇ ਨਜ਼ਰੀਏ ਨਾਲ, ਬੜੀ ਬਹਾਦਰੀ ਨਾਲ ਕਈ ਮੁਹਿੰਮਾਂ ਚਲਾਈਆਂ। ਉਸਨੇ ਰਾਜਨੀਤਕ ਪ੍ਰਕ੍ਰਿਆ ਦੇ ਨਵੀਨੀਕਰਣ ਦੇ ਲਈ, ਮੌਜੂਦਾ ਪ੍ਰਤੀਨਿਧਿਤਵ ਦੀ ਜਮਹੂਰੀਅਤ ਦੀ ਥਾਂ ਤੇ, ਪ੍ਰਤੱਖ ਜਮਹੂਰੀਅਤ ਸਥਾਪਤ ਕਰਨ ਲਈ, ਸਰਮਾਏਦਾਰਾਂ ਦੀਆਂ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਠੁਕਰਾਕੇ, ਲੋਕਾਂ ਦੇ ਆਪਣੇ ਵਿਚੋਂ ਹੀ ਉਮੀਦਵਾਰ ਚੁਣਨੇ ਦੇ ਅਧਿਕਾਰ ਦੇ ਲਈ, ਚੁਣੇ ਗਏ ਉਮੀਦਵਾਰਾਂ ਦੀ ਲੋਕਾਂ ਦੇ ਸਾਹਮਣੇ ਜਵਾਬਦੇਹੀ ਯਕੀਨੀ ਬਨਾਉਣ ਦੇ ਤੰਤਰਾਂ ਲਈ, ਲੋਕਾਂ ਦੁਆਰਾ ਕਨੂੰਨ ਬਨਾਉਣ ਦੇ ਤੰਤਰਾਂ, ਆਦਿ, ਲਈ ਕਈ ਠੋਸ ਤਜ਼ਵੀਜ਼ਾਂ ਪੇਸ਼ ਕੀਤੀਆਂ। ਸੀ.ਪੀ.ਈ. ਦੀਆਂ ਇਨ੍ਹਾਂ ਪਹਿਲਕਦਮੀਆਂ ਨਾਲ ਲੋਕ ਆਕਰਸ਼ਤ ਹੋਣ ਲੱਗੇ ਅਤੇ ਇਸ ਤਰ੍ਹਾਂ 1998 ਵਿੱਚ, ਇਸਨੂੰ ਲੋਕ ਰਾਜ ਸੰਗਠਨ ਦੇ ਰੂਪ ਵਿੱਚ ਪੁਨਰ-ਗਠਿਤ ਕੀਤਾ ਗਿਆ।



6 ਜੁਲਾਈ 2004 ਨੂੰ ਸੰਸਦ ਦੇ ਸਾਹਮਣੇ ਮੁਜ਼ਾਹਰੇ ਦਾ ਦ੍ਰਿਸ਼

22 ਫਰਵਰੀ 1993 ਦੀ ਇਤਿਹਾਸਕ ਰੈਲੀ ਤੋਂ ਬਾਅਦ ਦੇ ਸਾਲਾਂ ਅੰਦਰ, ਉਨ੍ਹਾਂ ਸਾਰੀਆਂ ਗੱਲਾਂ ਦੀ ਪੁਸ਼ਟੀ ਹੋ ਗਈ, ਜੋ ਰੈਲੀ ਵਿੱਚ ਬੜੀ ਬਹਾਦਰੀ ਨਾਲ ਕਹੀਆਂ ਗਈਆਂ ਸਨ। ਬਾਬਰੀ ਮਸਜ਼ਿਦ ਨੂੰ ਢਾਹੁਣ ਅਤੇ ਉਸ ਉਪਰੰਤ ਦੇ ਫਿਰਕੂ ਖੂਨ-ਖਰਾਬੇ ਦੇ ਨਾਲੋ-ਨਾਲ, ਉਦਾਰੀਕਰਣ, ਨਿੱਜੀਕਰਣ ਅਤੇ ਭੂਮੰਡਲੀਕਰਣ ਦੇ ਵੱਡੇ-ਵੱਡੇ ਪੂੰਜੀਵਾਦੀ ਸੁਧਾਰ ਲਿਆਂਦੇ ਗਏ। ਇਨ੍ਹਾਂ ਨਾਲ ਹਿੰਦੋਸਤਾਨੀ ਸਰਮਾਏਦਾਰ ਖੂਬ ਅਮੀਰ ਹੋ ਗਏ ਅਤੇ ਅੱਜ ਵਿਸ਼ਵ ਪੱਧਰ ਦੇ ਖਿਲਾੜੀ ਬਣ ਗਏ ਹਨ, ਜਦਕਿ ਮਜਦੂਰ, ਕਿਸਾਨ ਅਤੇ ਮਿਹਨਤਕਸ਼ ਲੋਕਾਂ ਨੂੰ ਮੌਤ ਅਤੇ ਬਰਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ, ਜਦ ਹਿੰਦੋਸਤਾਨੀ ਸਰਮਾਏਦਾਰ ਬੜੀ ਹੈਂਕੜ ਨਾਲ ਆਪਣੇ ਸਾਮਰਾਜਵਾਦੀ ਮਨਸੂਬਿਆਂ ਨੂੰ ਲੈਕੇ ਅੱਗੇ ਵਧ ਰਹੇ ਹਨ ਅਤੇ ਚਾਰੋਂ ਤਰਫ ਤਬਾਹੀ ਫੈਲਾ ਰਹੇ ਹਨ, ਤਾਂ ਰਾਜਨੀਤਕ ਵਿਵਸਥਾ ਅਤੇ ਪ੍ਰਕ੍ਰਿਆ ਦੇ ਮੁਕੰਮਲ ਨਵ-ਨਿਰਮਾਣ ਦੀ ਜਰੂਰਤ, ਲੋਕਾਂ ਦੇ ਹੱਥਾਂ ਵਿੱਚ ਰਾਜ ਸੱਤਾ ਦੀ ਜਰੂਰਤ ਦਾ, 22 ਫਰਵਰੀ 1993 ਦੀ ਰੈਲੀ 'ਚ ਬੁਲੰਦ ਕੀਤਾ ਗਿਆ ਨਾਹਰਾ ਹੋਰ ਵੀ ਮਹੱਤਵਪੂਰਨ ਬਣ ਗਿਆ ਹੈ। ■




ਜਨਵਰੀ 2008 ਨੂੰ ਦੇਸ਼ ਦੇ ਕਿਸਾਨ ਖੁਦਕੁਸ਼ੀਆਂ ਦੇ ਖਿਲਾਫ ਸੰਸਦ ਸਾਹਮਣੇ ਬੱਚਿਆਂ ਦਾ ਮੁਜਾਹਰਾ

## ਮਾਡਰਨ ਫੂਡਸ ਦੇ ਸੰਘਰਸ਼ ਦੀ 10ਵੀਂ ਵਰ੍ਹੇਗੰਢ:

# ਨਿੱਜੀਕਰਣ ਨਾਲ ਕੋਈ ਸਮਝੌਤਾ ਨਹੀਂ !

10 ਵਰ੍ਹੇ ਪਹਿਲਾਂ ਫਰਵਰੀ 2000 ਨੂੰ, ਮਾਡਰਨ ਫੂਡਸ ਇੰਡੀਆ ਲਿਮਟਿਡ (ਐਮ.ਐਫ.ਆਈ.ਐਲ.) ਦੇ ਮਜ਼ਦੂਰਾਂ ਨੇ ਸੰਸਦ ਦੇ ਇਜਲਾਸ ਦੇ ਪਹਿਲੇ ਹੀ ਦਿਨ ਇਕ ਬਹਾਦਰਾਨਾ ਪ੍ਰਦਰਸ਼ਨ ਕੀਤਾ। ਐਮ.ਐਫ.ਆਈ.ਐਲ. ਦੇ ਮਜ਼ਦੂਰ, ਸਰਕਾਰ ਵੱਲੋਂ ਇਸ ਪਬਲਿਕ ਸੈਕਟਰ ਕੰਪਨੀ ਨੂੰ ਹਿੰਦੁਸਤਾਨ ਲੀਵਰ ਲਿਮਟਿਡ (ਐਚ.ਐਲ.ਐਲ.) ਨਾਮੀ ਨਿੱਜੀ ਬਹੁਰਾਸ਼ਟਰੀ ਕੰਪਨੀ ਦੇ ਹੱਥਾਂ 'ਚ ਵੇਚਣ ਦਾ ਵਿਰੋਧ ਕਰ ਰਹੇ ਸਨ। ਐਮ.ਐਫ. ਆਈ. ਐਲ. ਦੇ ਮਜ਼ਦੂਰਾਂ ਨਾਲ ਕਾਨਪੁਰ ਦੇ ਸੈਂਕੜੇ ਕੱਪੜਾ ਮਿੱਲ ਮਜ਼ਦੂਰ ਵੀ ਸ਼ਾਮਿਲ ਹੋਏ, ਜੋ ਆਪਣੀਆਂ ਮਿੱਲਾਂ ਦੇ ਬੰਦ ਕੀਤੇ ਜਾਣ ਖਿਲਾਫ਼, ਮਿੱਲਾਂ ਨੂੰ ਫਿਰ ਤੋਂ ਚਾਲੂ ਕਰਵਾਉਣ ਲਈ ਸੰਘਰਸ਼ ਕਰ ਰਹੇ ਸਨ। 10 ਵਰ੍ਹੇ ਪਹਿਲਾਂ ਮਜ਼ਦੂਰਾਂ ਦਾ ਇਹ ਸਾਂਝਾ ਪ੍ਰਦਰਸ਼ਨ ਸਰਮਾਏਦਾਰਾਂ ਦੇ ਨਿੱਜੀਕਰਣ ਤੇ ਉਦਾਰੀਕਰਣ ਦੇ ਪ੍ਰੋਗਰਾਮ ਖਿਲਾਫ਼, ਹਿੰਦੁਸਤਾਨੀ ਮਜ਼ਦੂਰ ਵਰਗ ਦੇ ਸੰਘਰਸ਼ 'ਚ ਇਕ ਮਹੱਤਵਪੂਰਣ ਮੀਲ-ਪੱਥਰ ਸੀ। ਅੱਜ ਜਦ ਰਾਜ, ਫਿਰ ਇਕ ਵਾਰ ਸਰਵਜਨਕ ਸੰਪਤੀ ਨੂੰ ਨਿੱਜੀ ਮਾਲਕਾਂ ਦੇ ਹੱਥਾਂ 'ਚ ਦੇਣ ਦੀ ਤਿਆਰੀ ਕਰ ਰਿਹਾ ਹਨ, ਇਸ ਤਰ੍ਹਾਂ ਦੇ ਹਲਾਤਾਂ 'ਚ ਇਸ ਸੰਘਰਸ਼ ਤੋਂ ਸਿੱਖੇ ਗਏ ਸਬਕਾਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।



▲ ਫਰਵਰੀ, 2000 ਨੂੰ ਮਾਡ੍ਰਨ ਫੂਡਸ ਦੇ ਮਜਦੂਰਾਂ ਅਤੇ ਕਾਨਪੁਰ ਦੇ ਕਪੜਾ ਮਿਲਾਂ ਦੇ ਮਜਦੂਰਾਂ ਦਾ ਨਿਜੀਕਰਣ ਤੇ ਤਾਲਾਬੰਦੀ ਦੇ ਖਿਲਾਫ ਸੰਸਦ ਉਤੇ ਮੁਜ਼ਾਹਰਾ ▼



ਵਾਜਪਈ ਸਰਕਾਰ ਵੱਲੋਂ ਮਾਰਡਨ ਫੂਡਸ ਇੰਡੀਆ ਲਿਮਟਿਡ ਅਤੇ ਬਾਲਕੋ (ਭਾਰਤ ਐਲਮੁਨਿਅਮ ਕੰਪਨੀ) ਨੂੰ ਵੇਚਣ ਦੇ ਨਾਲ ਹੀ ਸਰਮਾਏਦਾਰਾਂ ਦੇ ਸੁਧਾਰ ਪ੍ਰੋਗਰਾਮ ਦਾ ਕਥਿਤ ਤੌਰ 'ਤੇ ਦੂਸਰਾ ਦੌਰ ਸ਼ੁਰੂ ਹੋਇਆ। ਇਹ ਉਹ ਦੌਰ ਸੀ ਜਦ ਮਜ਼ਦੂਰ ਵਰਗ ਦੇ ਕੁਝ ਨੇਤਾ, ਇਹ ਪੂੰਜੀਵਾਦੀ ਪ੍ਰਚਾਰ ਦੁਹਰਾ ਰਹੇ ਸਨ ਕਿ ਨਿੱਜੀਕਰਣ ਦਾ ਹੋਰ ਕੋਈ ਬਦਲ ਨਹੀਂ ਹੈ, ਤੇ "ਨੁਕਸਾਨ 'ਚ ਚੱਲਣ ਵਾਲੀਆਂ ਕੰਪਨੀਆਂ'' ਨੂੰ ਬੰਦ ਕਰਨ ਦੇ ਸਿਵਾਏ ਹੋਰ ਕੋਈ ਰਸਤਾ ਨਹੀਂ ਹੈ। ਮਜ਼ਦੂਰ ਵਰਗ ਦੇ ਇਹ ਨੇਤਾ, ਮਜ਼ਦੂਰਾਂ ਨੂੰ ਇਹ ਸਲਾਹ ਦੇ ਰਹੇ ਸਨ ਕਿ ਬਿਹਤਰ ਇਹ ਹੋਵੇਗਾ ਕਿ ਮਜ਼ਦੂਰ ਵੀ.ਆਰ.ਐਸ. ਦੇ ਤਹਿਤ ਕੁਝ ਰਕਮ ਲੈ ਕੇ ਕੰਪਨੀ ਛੱਡ ਦੇਣ। ਸਾਰੀਆਂ ਸੰਸਦੀ ਪਾਰਟੀਆਂ ਦੇ ਟ੍ਰੇਡ ਯੂਨੀਅਨ ਨੇਤਾ ਇਹੀਓ ਰਾਗ ਅਲਾਪ ਰਹੇ ਸਨ ਕਿ ''ਅੱਜ ਦੇ ਦੌਰ 'ਚ ਇੰਨੀ ਹੀ ਉਮੀਦ ਕੀਤੀ ਜਾ ਸਕਦੀ ਹੈ''। ਇਨ੍ਹਾਂ ਮੁਸ਼ਕਿਲ ਹਾਲਤਾਂ 'ਚ ਐਮ.ਐਫ. ਆਈ.ਐਲ. ਦੇ ਮਜ਼ਦੂਰਾਂ ਨੇ ਬੜੀ ਬਹਾਦਰੀ ਨਾਲ ਨਿੱਜੀਕਰਣ ਦੇ ਖਿਲਾਫ਼ ਬਿਨਾਂ ਸਮਝੌਤਾ ਸੰਘਰਸ਼ ਕਰਨ ਦਾ ਝੰਡਾ ਲਹਿਰਾਇਆ। ਇਸ ਸੰਘਰਸ਼ ਨੇ ਕਈ ਹੋਰ ਕੰਪਨੀਆਂ ਤੇ ਖੇਤਰਾਂ ਦੇ ਮਜ਼ਦੂਰਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ।

ਕਮਿਊਨਿਸਟ ਵਰਕਰਾਂ ਦੀ ਅਗਵਾਈ 'ਚ ਐਮ.ਐਫ. ਆਈ. ਐਲ. ਦੇ ਮਜ਼ਦੂਰਾਂ ਨੇ ਇਹ ਸਵਾਲ ਚੁੱਕਿਆ ਕਿ ਕੰਪਨੀ ਘਾਟੇ 'ਚ ਕਿਉਂ ਚੱਲ ਰਹੀ ਹੈ। ਉਨ੍ਹਾਂ ਨੇ ਪੁੱਛਿਆ ''ਕਿਸੇ ਸਮੇਂ ਮੁਨਾਫਾ ਬਨਾਉਣ ਵਾਲੀ ਕੰਪਨੀ ਨੂੰ ਘਾਟੇ 'ਚ ਚੱਲਣ ਵਾਲੀ ਕੰਪਨੀ ਬਨਾਉਣ ਲਈ ਕੌਣ ਜ਼ਿੰਮੇਵਾਰ ਹੈ, ਤੇ ਇਸਦੀ ਕੀਮਤ ਕਿਨ੍ਹਾਂ ਤੋਂ ਵਸੂਲੀ ਜਾਣੀ ਚਾਹੀਦੀ ਹੈ?'' ਸਰਮਾਏਦਾਰਾਂ ਤੇ ਉਨ੍ਹਾਂ ਦੇ ਰਾਜਨੀਤਕ ਪ੍ਰਤਿਨਿਧੀਆਂ ਵੱਲੋਂ ਲੋਕਾਂ ਨੂੰ ਬੇਵਕੂਫ ਬਨਾਉਣ ਦੀ ਕੋਸ਼ਿਸ਼ ਦਾ ਉਨ੍ਹਾਂ ਨੇ ਪਰਦਾਫਾਸ਼ ਕੀਤਾ। ਉਸ ਵੇਲੇ ਦੇ ਵਿਨਿਵੇਸ਼ ਮੰਤਰੀ ਅਰੁਣ ਜੇਟਲੀ ਨੇ ਜਦ ਵੱਡੇ ਹੈਂਕੜਪਣ ਦੇ ਨਾਲ ਇਹ ਦਾਅਵਾ ਕੀਤਾ ਕਿ ''ਬ੍ਰੈਡ ਬਨਾਉਣਾ ਸਰਕਾਰ ਦਾ ਕੰਮ ਨਹੀਂ ਹੈ'' ਤਾਂ ਐਮ. ਐਫ.ਆਈ.ਐਲ. ਦੇ ਮਜ਼ਦੂਰਾਂ ਨੇ ਇਹ ਸਵਾਲ ਪੁੱਛਿਆ ''ਤਾਂ ਫਿਰ ਸਰਕਾਰ ਦਾ ਕੰਮ ਹੈ ਕੀ --ਸਿਰਫ਼ ਪੂੰਜੀਪਤੀਆਂ ਦੀ ਸੇਵਾ ਕਰਨਾ?''

ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਮੁੱਖ ਪਰਚੇ --ਮਜ਼ਦੂਰ ਏਕਤਾ ਲਹਿਰ-- ਨੇ ਐਮ.ਐਫ.ਆਈ. ਐਲ. ਦੇ ਮਜ਼ਦੂਰਾਂ ਦੇ ਸੰਘਰਸ਼ ਦੇ ਸਮਰਥਨ 'ਚ ਲਗਾਤਾਰ ਮੁਹਿੰਮ ਚਲਾਈ ਤੇ ਮਜ਼ਦੂਰ ਯੂਨੀਅਨਾਂ, ਮਹਿਲਾ ਸੰਗਠਨਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਤੋਂ ਸਮਰਥਨ ਜੁਟਾਇਆ। ਇਸ ਮੁਹਿੰਮ ਤਹਿਤ ਨਿੱਜੀਕਰਣ ਦੇ ਪ੍ਰੋਗਰਾਮ ਦੀ ਹਕੀਕਤ ਦਾ ਪਰਦਾਫਾਸ਼ ਕੀਤਾ ਗਿਆ, ਕਿ ਇਹ ਪ੍ਰੋਗਰਾਮ ਸਿਰਫ਼ ਇਜਾਰੇਦਾਰ ਪੂੰਜੀਪਤੀਆਂ ਦੇ ਲਾਲਚ ਨੂੰ ਪੂਰਾ ਕਰਨ ਲਈ ਚਲਾਇਆ ਜਾ ਰਿਹਾ ਹੈ ਤੇ ਇਸ ਨਾਲ ਮਜ਼ਦੂਰ ਵਰਗ ਅਤੇ ਸਮਾਜ ਦੇ ਹਿਤਾਂ ਨੂੰ ਨੁਕਸਾਨ ਹੋਵੇਗਾ। ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਮੁੱਖ ਪਰਚੇ ਨੇ ਇਸ ਨਾਅਰੇ ਨੂੰ ਬੁਲੰਦ ਕੀਤਾ ਕਿ ਕਿਸੇ ਵੀ ਪਾਰਟੀ

ਨੂੰ, ਸਮਾਜ ਸਾਂਝੀ ਜਾਇਦਾਦ ਨੂੰ ਨਿੱਜੀ ਕੰਪਨੀਆਂ ਕੋਲ ਵੇਚਣ ਦਾ ਕੋਈ ਹੱਕ ਨਹੀਂ ਹੈ।

ਮਾਡਰਨ ਫੂਡਸ ਦੇ ਮਜ਼ਦੂਰਾਂ ਦੇ ਸੰਘਰਸ਼ ਨੇ ਭਾਰਤ ਅਲੂਮੀਨਿਅਮ ਕੰਪਨੀ (ਬਾਲਕੋ) ਅਤੇ ਸਾਰੇ ਰਾਜਾਂ ਦੇ ਬਿਜਲੀ ਬੋਰਡਾਂ ਦੇ ਮਜ਼ਦੂਰਾਂ ਨੂੰ ਨਿੱਜੀਕਰਣ ਦੇ ਪ੍ਰੋਗਰਾਮ ਖਿਲਾਫ਼ ਅੰਦੋਲਨ 'ਚ ਸ਼ਾਮਿਲ ਹੋਣ ਲਈ ਪ੍ਰੇਰਤ ਕੀਤਾ। ਇਸ ਨਾਲ ਸੰਘਰਸ਼ ਹੋਰ ਵੀ ਤੇਜ਼ ਹੋਇਆ। ਐਮ.ਐਫ.ਆਈ.ਐਲ. ਦੇ ਮਜ਼ਦੂਰਾਂ ਦੇ ਸੰਘਰਸ਼ ਦੇ ਸ਼ੁਰੂ ਹੋਣ ਤੋਂ ਤਿੰਨ ਵਰ੍ਹੇ ਬਾਅਦ, ਮਜ਼ਦੂਰ ਵਰਗ ਵਿਚ ਨਿੱਜੀਕਰਣ ਪ੍ਰੋਗਰਾਮ ਦੇ ਖਿਲਾਫ਼ ਵਧਦੀ ਹੋਈ ਏਕਤਾ ਤੇ ਲੜਾਕੂ ਜਜ਼ਬਾ ਫਰਵਰੀ 2003 'ਚ ਹੋਈ ਇਕ ਵਿਸ਼ਾਲ ਰੈਲੀ 'ਚ ਸਾਫ਼ ਨਜ਼ਰ ਆਇਆ।

ਮਾਡਰਨ ਫੂਡ ਇੰਡਸਟ੍ਰੀਜ਼ ਦੀ ਸੱਭ ਤੋਂ ਵੱਡੀ ਯੂਨਿਟ, ਐਮ.ਐਫ.ਆਈ.ਐਲ. ਦਿੱਲੀ ਯੂਨਿਟ ਦੇ ਜੁਝਾਰੂ ਮਜ਼ਦੂਰਾਂ ਨੇ ਲਗਾਤਾਰ 7 ਸਾਲ ਤੱਕ (ਜਦ ਤਕ ਐਮ.ਐਫ.ਆਈ.ਐਲ. ਦਿੱਲੀ ਯੂਨਿਟ ਦਾ ਆਖਰੀ ਮਜ਼ਦੂਰ ਕੰਮ ਤੋਂ ਨਾ ਕੱਢਿਆ ਗਿਆ) ਨਿੱਜੀਕਰਣ ਦੇ ਖਿਲਾਫ਼ ਸੰਘਰਸ਼ ਕੀਤਾ। ਉਨ੍ਹਾਂ ਨੇ ਸੰਸਦ 'ਤੇ ਪ੍ਰਦਰਸ਼ਨ ਕੀਤੇ, ਦਿੱਲੀ ਸਰਕਾਰ ਦੇ ਖਿਲਾਫ਼ ਪ੍ਰਦਰਸ਼ਨ ਕੀਤੇ, ਸੰਸਦ ਮੈਂਬਰਾਂ ਨੂੰ ਅਪੀਲ ਕੀਤੀ। ਉਨ੍ਹਾਂ ਨੇ ਲਗਭਗ ਦੋ ਸਾਲ ਤੱਕ ਫੈਕਟਰੀ ਦੇ ਫਾਟਕ 'ਤੇ ਧਰਨਾ ਦਿੱਤਾ। ਇਸ ਸੰਘਰਸ਼ ਦੀ ਵਜ੍ਹਾ ਨਾਲ ਵਾਜਪਈ ਸਰਕਾਰ ਨੂੰ ਇਕ ਪ੍ਰਧਾਨਮੰਤਰੀ ਦੀ ਵਿਸ਼ੇਸ਼ ਸਮਿਤੀ ਗਠਿਤ ਕਰਨੀ ਪਈ, ਇਹ ਪਤਾ ਕਰਨ ਲਈ ਕਿ ਐਮ.ਐਫ.ਆਈ.ਐਲ. ਅਤੇ ਬਾਲਕੋ ਦੇ ਨਿੱਜੀਕਰਣ ਦਾ ਕੀ ਅਸਰ ਪਿਆ ਹੈ। ਮਜ਼ਦੂਰਾਂ ਨੇ ਕਮੇਟੀ ਦੇ ਸਾਹਮਣੇ ਸਬੂਤ ਪੇਸ਼ ਕੀਤਾ ਕਿ ਕਿਸ ਤਰ੍ਹਾਂ ਐਚ.ਐਲ.ਐਲ. ਮੈਨੇਜਮੈਂਟ ਪਲਾਂਟ ਤੇ ਮਸ਼ੀਨਰੀ ਨੂੰ ਨਸ਼ਟ ਕਰ ਰਿਹਾ ਸੀ, ਠੇਕੇ 'ਤੇ ਬ੍ਰੈਡ ਬਣਵਾ ਰਿਹਾ ਸੀ, ਪੱਕੇ ਮਜ਼ਦੂਰਾਂ ਦੀ ਜਗ੍ਹਾ 'ਤੇ ਠੇਕੇ ਦੇ ਮਜ਼ਦੂਰਾਂ ਤੋਂ ਕੰਮ ਕਰਵਾ ਰਿਹਾ ਸੀ, ਸਾਰੇ ਮਜ਼ਦੂਰੀ ਸਬੰਧੀ ਕਨੂੰਨਾਂ ਦਾ ਘਾਣ ਕਰ ਰਿਹਾ ਸੀ, ਆਦਿ। ਉਨ੍ਹਾਂ ਨੇ ਸਾਬਤ ਕੀਤਾ ਕਿ ਐਚ.ਐਲ.ਐਲ. ਨੂੰ ਸਿਰਫ ਮਾਡਰਨ ਫੂਡ ਦੇ ਬ੍ਰਾਂਡ ਨਾਂਅ ਨਾਲ ਦਿਲਚਸਪੀ ਹੈ ਅਤੇ ਨਿੱਜੀਕਰਣ ਦੇ ਸੌਦੇ ਦੀ ਵਜ੍ਹਾ ਤੋਂ ਪ੍ਰਾਪਤ ਰਿਅਲ ਅਸਟੇਟ ਦੀ ਵਿਸ਼ਾਲ ਕੀਮਤ 'ਚ ਦਿਲਚਸਪੀ ਹੈ।

ਜਦ ਨਿੱਜੀਕਰਣ ਦੇ ਅਸਰ 'ਤੇ ਗਠਿਤ ਸਮਿਤੀ ਨੇ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕੀਤੀ, ਤਦ ਐਮ.ਐਫ. ਆਈ.ਐਲ. ਦੇ ਮਜ਼ਦੂਰਾਂ ਨੇ ਇਹ ਮੰਗ ਕੀਤੀ ਕਿ ਰਿਪੋਰਟ ਨੂੰ ਸੰਸਦ 'ਚ ਰੱਖਿਆ ਜਾਵੇ ਤੇ ਉਸ 'ਤੇ ਚਰਚਾ ਕੀਤੀ ਜਾਵੇ। ਪਰ ਮਨਮੋਹਨ ਸਿੰਘ ਸਰਕਾਰ ਨੇ, ਜੋ ਉਸ ਸਮੇਂ ਵਾਮ ਦਲਾਂ ਦੇ ਸਮਰਥਨ ਨਾਲ ਸੱਤਾ 'ਚ ਆ ਚੁੱਕੀ ਸੀ, ਇਸ ਮੰਗ ਨੂੰ ਖਾਰਜ ਕਰ ਦਿੱਤਾ। ਐਮ. ਐਫ.ਆਈ.ਐਲ. ਤੇ ਬਾਲਕੋ ਦੇ ਨਿੱਜੀਕਰਣ ਨੂੰ ਪਲਟਣ ਦੀ ਮੰਗ 'ਤੇ ਚੁੱਪੀ ਦਾ ਪਰਦਾ ਪਾ ਕੇ,



ਸੰਪ੍ਰਗ ਸਰਕਾਰ ਨੇ ਵਾਮ ਦਲਾਂ ਦੇ ਸਮਰਥਨ ਨਾਲ, ਨਿੱਜੀਕਰਣ ਤੇ ਉਦਾਰੀਕਰਣ ਨੂੰ ਲਾਗੂ ਕਰਨ ਦਾ ਦੂਸਰਾ ਰਸਤਾ ਅਪਨਾਇਆ, ਜਿਸ ਦਾ ਉਹੀ ਉਦੇਸ਼ ਸੀ ਤੇ ਜਿਸਦੇ ਜ਼ਰੀਏ ਮਜ਼ਦੂਰ ਵਰਗ ਨੂੰ ਨੀਂਦ ਦੀ ਗੋਲੀ ਖੁਆ ਦਿੱਤੀ ਗਈ। ਐਮ. ਐਫ. ਆਈ.ਐਲ. ਤੇ ਬਾਲਕੋ ਦੇ ਮਜ਼ਦੂਰਾਂ ਦੇ ਬਹਾਦਰਾਨਾ ਸੰਘਰਸ਼ ਦੀ ਵਜ੍ਹਾ ਨਾਲ ਕੁਝ ਥੋੜ੍ਹੇ ਸਮੇਂ ਲਈ ਉਨ੍ਹਾਂ ਮਜ਼ਦੂਰਾਂ ਨੂੰ ਰਾਹਤ ਮਿਲੀ, ਜਿਨ੍ਹਾਂ 'ਤੇ ਨਿੱਜੀਕਰਣ ਦੀ ਤਲਵਾਰ ਲਟਕ ਰਹੀ ਸੀ।

2003 'ਚ ਮਜ਼ਦੂਰ ਵਰਗ ਦੀ ਇਸ ਵਿਸ਼ਾਲ ਰੈਲੀ ਦੇ ਬਾਅਦ ਹੋਈਆਂ ਘਟਨਾਵਾਂ ਦਾ ਜੇਕਰ ਜਾਇਜ਼ਾ ਲਿਆ ਜਾਵੇ ਤਾਂ ਸਾਨੂੰ ਇਹ ਮੰਨਣਾ ਹੋਵੇਗਾ ਕਿ ਨਿੱਜੀਕਰਣ ਖਿਲਾਫ਼ ਸੰਘਰਸ਼ ਉਸਦੇ ਬਾਅਦ ਕੁਝ ਠੰਢਾ ਪੈ ਗਿਆ, ਖਾਸ ਤੌਰ 'ਤੇ 2004 ਤੋਂ 2009 ਦੇ ਦੌਰਾਨ। ਇਹ ਉਹ ਦੌਰ ਸੀ ਜਦ ਸੰਸਦ 'ਚ ਬੈਠੀਆਂ ਵਾਮ ਪਾਰਟੀਆਂ ਨੇ ਮਾਕਪਾ ਦੀ ਅਗਵਾਈ 'ਚ ਕਾਂਗਰਸ ਨੀਤ ਸੰਪ੍ਰਗ ਸਰਕਾਰ ਨੂੰ ਸਮਰਥਨ ਦਿੱਤਾ ਤੇ ਇਹ ਵਾਅਦਾ ਕੀਤਾ ਕਿ ਕਥਿਤ ਸਾਂਝਾ ਨਿਊਨਤਮ ਪ੍ਰੋਗਰਾਮ ਪੂੰਜੀਪਤੀਆਂ ਦੇ ਹਿੱਤਾਂ ਦੇ ਨਾਲ-ਨਾਲ ਮਜ਼ਦੂਰਾਂ ਤੇ ਕਿਸਾਨਾਂ ਦੇ ਹਿਤਾਂ ਦੀ ਵੀ ਰਖਵਾਲੀ ਕਰੇਗਾ, ਪਰ ਸਾਡੇ ਜੀਵਨ ਦੇ ਤਜ਼ਰਬਿਆਂ ਨੇ ਇਸ ਝੂਠ ਦਾ ਪਰਦਾਫਾਸ਼ ਕੀਤਾ ਹੈ।

ਪੂੰਜੀਵਾਦੀ ਲਾਲਚ ਦੇ ਨਾਲ-ਨਾਲ ਮਜ਼ਦੂਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ ਸੰਭਵ ਹੈ -- ਇਸ ਵਾਅਦੇ ਦਾ ਪੂਰੀ ਤਰ੍ਹਾਂ ਨਾਲ ਪਰਦਾਫਾਸ਼ ਹੋ ਚੁੱਕਿਆ ਹੈ। ਇਸ ਤਰ੍ਹਾਂ ਕਰਨਾ ਅਸੰਭਵ ਹੈ। ਮਜ਼ਦੂਰ ਵਰਗ ਨੂੰ ਖਾਣ ਵਾਲੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਦੇ ਨਾਲ-ਨਾਲ ਬਰਾਮਦਗੀ 'ਤੇ ਅਧਾਰਤ ਤੇ ਹੋਰ ਖੇਤਰ ਦੀਆਂ ਕੰਪਨੀਆਂ 'ਚ ਵੱਡੇ ਪੱਧਰ 'ਤੇ ਛਾਂਟੀ ਤੇ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦਕਿ ਹਿੰਦੁਸਤਾਨ ਦੇ ਵੱਡੇ ਪੂੰਜੀਪਤੀ ਦੁਨੀਆਂ ਦੀ ਇਕ ਵੱਡੀ ਸਾਮਰਾਜਵਾਦੀ ਤਾਕਤ ਬਣਨ ਦੀ ਕੋਸ਼ਿਸ਼ 'ਚ, ਮੋਟੇ ਮੁਨਾਫ਼ੇ ਬਣਾ ਰਹੇ ਹਨ ਤੇ ਵਿਦੇਸ਼ਾਂ 'ਚ ਕੰਪਨੀਆਂ ਖਰੀਦ ਰਹੇ ਹਨ।

ਪੂੰਜੀਪਤੀ ਵਰਗ ਦਾ ਲਾਲਚ ਪੂਰਾ ਕਰਦੇ ਹੋਏ, ਮਜ਼ਦੂਰ ਵਰਗ ਦੀਆਂ ਜ਼ਰੂਰਤਾਂ ਵੀ ਪੂਰਾ ਕਰਨਾ ਸੰਭਵ ਨਹੀਂ ਹੈ। ਮਜ਼ਦੂਰ ਵਰਗ ਦੇ ਮਹਾਨ ਵਿਗਿਆਨਕ ਤੇ ਸਿਖਿਅਕ ਕਾਰਲ ਮਾਰਕਸ ਨੇ ਇਸ ਬੁਨਿਆਦੀ ਸੱਚ ਦੀ ਖੋਜ ਕੀਤੀ ਸੀ। ਦੁਨੀਆਂ ਦੇ ਸਾਰੇ ਦੇਸ਼ਾਂ ਦੇ ਮਜ਼ਦੂਰਾਂ ਦੇ ਜੀਵਨ ਦੇ ਤਜ਼ਰਬੇ ਨੇ ਇਸ ਸੱਚ ਨੂੰ ਵਾਰ-ਵਾਰ ਸਹੀ ਸਾਬਤ ਕੀਤਾ ਹੈ। ਹਿੰਦੁਸਤਾਨ ਦੇ ਮਜ਼ਦੂਰ ਵਰਗ ਦਾ ਅਜੋਕਾ ਤਜ਼ਰਬਾ ਇਸ ਸੱਚ ਨੂੰ ਫਿਰ ਇਕ ਵਾਰ ਸਹੀ ਸਾਬਤ ਕਰ ਰਿਹਾ ਹੈ। ਜੋ ਲੋਕ ਇਸ ਸੱਚ ਦੇ ਖਿਲਾਫ਼ ਪ੍ਰਚਾਰ ਕਰ ਰਹੇ ਹਨ, ਉਹ ਮਾਰਕਸਵਾਦੀ ਨਹੀਂ ਹੋ ਸਕਦੇ, ਉਹ ਚਾਹੇ ਖੁਦ ਮਾਰਕਸਵਾਦੀ ਹੋਣ ਦਾ ਦਾਅਵਾ ਕਿਉਂ ਨਾ ਕਰਨ।

ਕਾਂਗਰਸ ਪਾਰਟੀ ਤੇ ਭਾਰਤੀ ਜਨਤਾ ਪਾਰਟੀ, ਇਹ ਦੋਵੇਂ ਹੀ ਪਾਰਟੀਆਂ ਹਿੰਦੁਸਤਾਨੀ ਸਰਮਾਏਦਾਰਾਂ ਦੇ ਪ੍ਰੋਗਰਾਮ ਤੇ ਉਨ੍ਹਾਂ ਦੇ ਸਾਮਰਾਜਵਾਦੀ ਮਨਸੂਬਿਆਂ ਨੂੰ ਅਮਲ 'ਚ ਲਿਆਉਣ ਲਈ ਵਚਨਬੱਧ ਹਨ। ਇਨ੍ਹਾਂ 'ਚੋਂ ਕਿਸੇ ਇਕ ਪਾਰਟੀ ਨੂੰ ਸੱਤਾ 'ਚੋਂ ਬਾਹਰ ਰੱਖਣ ਲਈ, ਦੂਸਰੀ ਪਾਰਟੀ ਨੂੰ ਸਮਰਥਨ ਦੇਣਾ, ਜਿਸ ਤਰ੍ਹਾਂ 2004-09 ਦੇ ਦੌਰਾਨ ਮਾਕਪਾ ਨੇ ਕੀਤਾ ਸੀ, ਇਹ ਮਜ਼ਦੂਰ ਵਰਗ ਦੇ ਨਾਲ ਧੋਖਾ ਕਰਨਾ ਤੇ ਉਸ ਨੂੰ ਵਰਗ ਸੰਘਰਸ਼ ਦੇ ਰਸਤੇ ਤੋਂ ਭਟਕਾਉਣਾ ਹੈ। ਇਸਦਾ ਮਤਲਬ ਹੈ ਕਿ ਮਜ਼ਦੂਰ ਵਰਗ ਦੇ ਸੰਘਰਸ਼ ਦੀ ਧਾਰ ਨੂੰ ਖੁੰਡਾ ਕਰਨਾ, ਮਜ਼ਦੂਰ ਵਰਗ 'ਚ ਇਹ ਗਲਤਫਹਿਮੀ ਪੈਦਾ ਕਰਨਾ ਕਿ ਇਕ ਪੂੰਜੀਵਾਦੀ ਪਾਰਟੀ, ਮਜ਼ਦੂਰ ਵਰਗ ਦੀ ਵੀ ਰੱਖਿਆ ਕਰ ਸਕਦੀ ਹੈ ਤੇ ਨਿੱਜੀਕਰਣ ਤੇ ਉਦਾਰੀਕਰਣ ਦਾ ਪ੍ਰੋਗਰਾਮ 'ਮਨੁੱਖੀ ਚਿਹਰੇ' ਦੇ ਨਾਲ ਅਮਲ 'ਚ ਲਿਆਂਦਾ ਜਾ ਸਕਦਾ ਹੈ।

ਮਾਕਪਾ ਨੇ ਪੱਛਮੀ ਬੰਗਾਲ 'ਚ ਆਪਣੀ ਸਰਕਾਰ ਨੂੰ ਬਰਕਰਾਰ ਰੱਖਣ ਲਈ ਸਰਮਾਏਦਾਰਾਂ ਦੇ ਨਿੱਜੀਕਰਣ ਦੇ ਪ੍ਰੋਗਰਾਮ ਦੇ ਸਵਾਲ 'ਤੇ ਸਮਝੌਤਾ

ਕੀਤਾ ਹੈ। ਉਨ੍ਹਾਂ ਨੇ ਇਸ ਮਸਲੇ ਨੂੰ ਨਿੱਜੀਕਰਣ ਦੇ ਪ੍ਰੋਗਰਾਮ ਨੂੰ ਬਿਹਤਰ ਤਰੀਕੇ ਨਾਲ ਲਾਗੂ ਕਰਨ ਦਾ ਸਵਾਲ ਬਣਾ ਦਿੱਤਾ ਹੈ। ਮਾਕਪਾ ਦੀ ਅਗਵਾਈ ’ਚ ਚਲਾਈ ਜਾ ਰਹੀ ਪੱਛਮੀ ਬੰਗਾਲ ਦੀ ਵਾਮਪੰਥੀ ਸਰਕਾਰ ਨੇ ਸੈਮੀਨਾਰ ਤੇ ਕਾਨਫਰੰਸਾਂ ਕਰਵਾਈਆਂ, ਜਿਥੇ ਉਨ੍ਹਾਂ ਨੇ ਵਿਸ਼ਵ ਬੈਂਕ ਦੇ ਮਾਹਰਾਂ ਨੂੰ ਇਹ ਸਿੱਖਣ ਲਈ ਸੱਦਾ ਦਿੱਤਾ ਕਿ ਕਿਸ ਤਰ੍ਹਾਂ ਨਾਲ ਉਨ੍ਹਾਂ ਦੀ ਸਰਕਾਰ ਨਿੱਜੀਕਰਣ ਦਾ ਪ੍ਰੋਗਰਾਮ ਅਸਰਦਾਇਕ ਤਰੀਕੇ ਨਾਲ, ਮਜ਼ਦੂਰ ਯੂਨੀਅਨ ਦੇ ਵਿਰੋਧ ਦੇ ਬਿਨਾ, ਅਮਲ ’ਚ ਲਿਆ ਰਹੀ ਹੈ।

ਸਰਮਾਏਦਾਰ ਤੇ ਉਨ੍ਹਾਂ ਦੇ ਨਿੱਜੀਕਰਨ ਤੇ ਉਦਾਰੀਕਰਣ ਦੇ ਕਥਿਤ ਸੁਧਾਰ ਪ੍ਰੋਗਰਾਮ ਦੇ ਨਾਲ ਸਮਝੌਤਾ ਤੇ ਸਮਰਥਨ ਕਰਨ ਦੀ ਵਜ੍ਹਾ ਨਾਲ ਪੱਛਮੀ ਬੰਗਾਲ ’ਚ ਮਾਕਪਾ ਗਹਿਰੇ ਵਿਸ਼ਵਸਨੀਅਤਾ ਦੇ ਸੰਕਟ ’ਚ ਫਸ ਗਈ ਹੈ। ਇਸ ਤਰ੍ਹਾਂ ਕਰਨ ਨਾਲ ਮਜ਼ਦੂਰ ਵਰਗ ਤੇ ਉਸ ਦੇ ਸਭ ਤੋਂ ਜ਼ਿਆਦਾ ਸੰਗਠਤ ਦਸਤਿਆਂ ਦੀ ਲੜਨ ਦੀ ਤਾਕਤ ਅਤੇ ਮਨੋਬਲ ’ਤੇ ਵੀ ਮਾੜਾ ਅਸਰ ਹੋਇਆ ਹੈ।

ਅੱਜ 2010 ’ਚ. ਮਾਡਰਨ ਫੂਡਸ ’ਚ ਇਤਿਹਾਸਕ ਸੰਘਰਸ਼ ਦੇ 10 ਸਾਲ ਬਾਅਦ, ਇਹ ਸਮੇਂ ਦੀ ਪੁਕਾਰ ਹੈ ਕਿ ਮਜ਼ਦੂਰ ਵਰਗ ਨੂੰ ਆਪਣੇ ਤਜਰਬੇ ਤੋਂ ਕੁਝ ਅਹਿਮ ਸਬਕ ਸਿੱਖਣੇ ਹੋਣਗੇ। ਨਿੱਜੀਕਰਣ ਤੇ ਉਦਾਰੀਕਰਣ ਦੇ ਪ੍ਰੋਗਰਾਮ ਦੇ ਮਸਲੇ ’ਤੇ ਅਸੀਂ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕਰ ਸਕਦੇ। ਸਾਨੂੰ ਇਸ ਪ੍ਰੋਗਰਾਮ ਦੇ ਅਸਲੀ ਸਾਰ ਤੇ ਮਕਸਦ ਦਾ ਵਿਰੋਧ ਕਰਨਾ ਹੋਵੇਗਾ। ਸਾਡਾ ਸੰਘਰਸ਼ ਇਸ ਗੱਲ ’ਤੇ ਨਹੀਂ ਕਿ ਪੂੰਜੀਵਾਦੀ ਸੁਧਾਰਾਂ ਨੂੰ ਚੰਗੇ ਜਾਂ ਬੁਰੇ ਤਰੀਕੇ ਨਾਲ ਅਮਲ ’ਚ ਲਿਆਂਦਾ ਜਾ ਸਕਦਾ ਹੈ। ਸੰਘਰਸ਼ ਦੋ ਤਾਕਤਾਂ ਦੇ ਵਿਚਾਲੇ ਹੈ: ਇੱਕ ਪਾਸੇ ਉਹ ਹਨ ਜੋ ਪੂੰਜੀਵਾਦੀ ਨਿਜੀ ਸੰਪਤੀ ਨੂੰ ਵਧਦਾ ਫੁੱਲਦਾ ਦੇਖਣਾ ਚਾਹੁੰਦੇ ਹਨ ਅਤੇ ਦੂਸਰੇ ਪਾਸੇ ਉਹ ਹਨ ਜੋ ਉਸ ਸੰਪਤੀ ਨੂੰ ਸਮਾਜਕ ਸੰਪਤੀ ’ਚ ਤਬਦੀਲ ਕਰਨਾ ਚਾਹੁੰਦੇ ਹਨ।

ਨਿੱਜੀਕਰਣ ਤੇ ਉਦਾਰੀਕਰਣ ਦੇ ਪ੍ਰੋਗਰਾਮ ਦੇ ਨਾਲ ਸਮਝੌਤਾ ਕਰਨ ਦਾ ਮਤਲਬ ਹੈ ਸਾਮਰਾਜਵਾਦ ਦੇ ਨਾਲ ਸਮਝੌਤਾ ਕਰਨਾ ਤੇ ਮਜ਼ਦੂਰ ਵਰਗ ਦੇ ਨਾਲ ਗੱਦਾਰੀ ਕਰਨਾ। ਹਾਲ ਦੇ ਸਾਡੇ ਤਜਰਬੇ ਦਾ ਇਹ ਸਭ ਤੋਂ ਮਹੱਤਵਪੂਰਣ ਸਬਕ ਹੈ।

ਮਾਡਰਨ ਫੂਡਸ ਦੇ ਮਜ਼ਦੂਰਾਂ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਦੇ ਨਾਲ ਸਾਨੂੰ ਨਿਆਂ ਕਰਨਾ ਹੋਵੇਗਾ! ਨਿੱਜੀਕਰਣ ਤੇ ਉਦਾਰੀਕਰਣ ਪ੍ਰੋਗਰਾਮ ਦੇ ਨਾਲ ਮਿਲੀ-ਭੁਗਤ ਤੇ ਸਮਝੌਤੇ ਦੇ ਰਸਤੇ ਨੂੰ ਸਾਨੂੰ ਠੁਕਰਾਣਾ ਤੇ ਹਰਾਣਾ ਹੋਵੇਗਾ! ਪੂੰਜੀਵਾਦੀ-ਸਾਮਰਾਜਵਾਦੀ ਪ੍ਰੋਗਰਾਮ ਦੇ ਖਿਲਾਫ਼ ਬਿਨਾ ਸਮਝੌਤਾ ਸੰਘਰਸ਼ ਚਲਾਉਣਾ ਹੋਵੇਗਾ! ਸਮਾਜਵਾਦ ਦਾ ਨਿਰਮਾਣ ਕਰਨ ਦੇ ਮਜ਼ਦੂਰ ਵਰਗ ਦੇ ਬਦਲਵੇਂ ਪ੍ਰੋਗਰਾਮ ਦੇ ਤਹਿਤ ਇਕਜੁਟ ਹੋਣਾ ਹੋਵੇਗਾ। ■

# ਦਿੱਲੀ ‘ਚ ਰਾਸ਼ਣ ਕਾਰਡ ਦੀ ਮੰਗ ਨੂੰ ਲੈਕੇ ਦਿਨ-ਭਰ ਧਰਨਾ

17 ਫਰਵਰੀ 2010 ਨੂੰ, ਲੋਕ ਰਾਜ ਸੰਗਠਨ ਦੀ ਦਿੱਲੀ ਪ੍ਰੀਸ਼ਦ ਦੀ ਅਗਵਾਈ ਵਿੱਚ, ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਲਈ, ਬੀ ਪੀ ਐਲ ਰਾਸ਼ਣ ਕਾਰਡ ਬਣਾਏ ਜਾਣ ਦੀ ਮੰਗ ਨੂੰ ਲੈਕੇ, ਦਿੱਲੀ ਸਰਵਜਨਕ ਖਾਧ ਵਿਤਰਣ ਵਿਭਾਗ ਦੇ ਮੁੱਖ ਦਫਤਰ ਦੇ ਸਾਹਮਣੇ, ਦਿਨ-ਭਰ ਧਰਨਾ ਦਿੱਤਾ ਗਿਆ।

ਗੌਰਤਲਬ ਹੈ ਕਿ 2007 ਵਿੱਚ ਸਰਵਜਨਕ ਖਾਧ ਵਿਤਰਣ ਵਿਭਾਗ ਨੇ, ਦਿੱਲੀ ‘ਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਬੀ.ਪੀ.ਐਲ. ਕਾਰਡ-ਧਾਰੀਆਂ ਦੇ ਕਾਰਡਾਂ ਦੇ ਨਵੀਨੀਕਰਣ ਲਈ ਇੱਕ ਇਸ਼ਤਿਹਾਰ ਜਾਰੀ ਕੀਤਾ ਸੀ। ਇਸਦੇ ਤਹਿਤ ਸਾਰੇ ਕਾਰਡ-ਧਾਰੀਆਂ ਨੂੰ ਨਵੀਨੀਕਰਣ ਲਈ ਇੱਕ ਫਾਰਮ ਭਰਕੇ ਉਹ ਦੇ ਨਾਲ ਆਪਣਾ ਪੁਰਾਣਾ ਕਾਰਡ ਜਮ੍ਹਾਂ ਕਰਵਾਉਣਾ ਸੀ। ਤਿੰਨ ਸਾਲ ਹੋ ਚੁੱਕੇ ਹਨ, ਅਜੇ ਤਕ 50 ਫੀਸਦੀ ਕਾਰਡਾਂ ਦਾ ਵੀ ਨਵੀਨੀਕਰਣ ਨਹੀਂ ਹੋਇਆ। ਜਦ ਕਿ ਵਿਭਾਗ ਦੇ ਨਿਯਮਾਂ ਅਨੁਸਾਰ, ਨਵੀਨੀਕਰਣ ਜਾਂ ਨਵੇਂ ਕਾਰਡ ਲਈ ਅਰਜ਼ੀ ਦੀ ਜਾਂਚ ਕਰਕੇ, ਇੱਕ ਮਹੀਨੇ ਦੇ ਅੰਦਰ ਕਾਰਡ ਜਾਰੀ ਕਰਨਾ ਹੁੰਦਾ ਹੈ। ਅਗਸਤ 2009 ਤੋਂ ਸਾਰੇ ਬੀ ਪੀ ਐਲ ਕਾਰਡ-ਧਾਰੀਆਂ ਦਾ ਰਾਸ਼ਣ ਬੰਦ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦੇ ਕਾਰਡ ਅਜੇ ਜਾਰੀ ਨਹੀਂ ਹੋਏ। ਇਸਤੋਂ ਪਹਿਲਾਂ, ਉਨ੍ਹਾਂ ਨੂੰ ਨਵੀਨੀਕਰਣ ਲਈ ਕਾਰਡ ਜਮ੍ਹਾਂ ਕਰਨ ਤੇ ਮਿਲੀ ਪਰਚੀ ਦੇ ਅਧਾਰ ਤੇ ਰਾਸ਼ਣ ਮਿਲਦਾ ਸੀ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਹਜਾਰਾਂ ਹੀ ਲੋਕ, ਆਪਣੇ ਰਾਸ਼ਣ ਕਾਰਡ ਜਾਰੀ ਕਰਵਾਉਣ ਲਈ, ਆਪੋ-ਆਪਣੇ ਮੰਡਲ ਅਧਿਕਾਰੀਆਂ ਦੇ ਦਫਤਰਾਂ ਅੱਗੇ ਰੋਜ਼ ਧੱਕੇ ਖਾਂਦੇ ਦੇਖੇ ਜਾ ਸਕਦੇ ਹਨ।

ਇਸ ਧਰਨੇ ਵਿੱਚ, ਓਖਲਾ ਉਦਯੋਗਕ ਖੇਤਰ ਸਥਿਤ ਸੰਜੇ ਕਲੋਨੀ, ਨਿਯੂ ਸੰਜੇ ਕੈਂਪ ਅਤੇ ਗੋਲਾ ਕੁਆਂ ਦੀਆਂ ਲੋਕ ਰਾਜ ਸਮਿਤੀਆਂ ਤੋਂ ਆਏ ਮਿਹਨਤਕਸ਼ ਇਸਤਰੀ, ਪੁਰਸ਼ ਅਤੇ ਨੌਜਵਾਨਾਂ ਨੇ ਬੜੀ ਗਿਣਤੀ ‘ਚ ਹਿੱਸਾ ਲਿਆ। ਇਸਤੋਂ ਇਲਾਵਾ ਜਹਾਂਗੀਰਪੁਰੀ, ਗੋਕੁਲਪੁਰੀ, ਮੰਗੋਲਪੁਰੀ, ਗੋਬਿੰਦਪੁਰੀ, ਬੁਗੜੀ, ਆਦਿ ਇਲਾਕਿਆਂ ‘ਚ ਰਹਿਣ ਵਾਲੇ ਲੋਕਾਂ ਨੇ ਭੀ ਇਸ ਧਰਨੇ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਧਰਨੇ ‘ਚ ਸ਼ਾਮਲ ਲੋਕਾਂ ਨੇ ਆਪਣੇ ਹੱਥਾਂ ‘ਚ ਪਲੇਕਾਰਡ ਫੜੇ ਹੋਏ ਸਨ ਜਿਨ੍ਹਾਂ ਤੇ ਇਹ ਨਾਅਰੇ ਲਿਖੇ ਹੋਏ ਸਨ: “ਸਰਵਜਨਕ ਖਾਧ ਵਿਤਰਣ ਵਿਭਾਗ - ਮੁਰਦਾਬਾਦ!”, “ਖਾਧ ਸੁਰੱਖਿਆ ਹਰ ਹਿੰਦੋਸਤਾਨੀ ਦਾ ਜਨਮਸਿਧ ਅਧਿਕਾਰ ਹੈ!”, “ਰਾਸ਼ਣ ਕਾਰਡ ਵਾਪਸ ਦਿਓ!”, “ਸ਼ੀਲਾ ਤੇਰੇ ਰਾਜ ਮੇਂ ਕਾਰਡ ਮਿਲੇਗਾ ਕਿਤਨੇ ਸਾਲ ਸੇ ?”, “ਲੋਕਾਂ ਦਾ ਖੂਨ ਚੂਸਣਾ ਬੰਦ ਕਰੋ!”, ਆਦਿ}

ਲੋਕ ਰਾਜ ਸੰਗਠਨ ਦੀ ਦਿੱਲੀ ਪ੍ਰੀਸ਼ਦ ਦੇ ਸਕੱਤਰ, ਕਾਮਰੇਡ ਬਿਰਜੂ ਨਾਯਕ, ਨੇ ਧਰਨੇ ਤੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਰਾਜ ਸੰਗਠਨ, ਦਿੱਲੀ ਸਮੇਤ ਪੂਰੇ ਦੇਸ਼ ਅੰਦਰ ਲੋਕਾਂ ਦੇ ਖਾਧ ਸੁਰੱਖਿਆ ਦੇ ਅਧਿਕਾਰ ਨੂੰ ਯਕੀਨੀ ਬਨਾਉਣ ਦੀ ਮੰਗ ਕਰ ਰਿਹਾ ਹੈ। ਇਸ ਮੰਗ ਨੂੰ ਲੈਕੇ, ਪਿਛਲੇ ਸਾਲ 28 ਜੁਲਾਈ ਨੂੰ ਵੀ ਇੱਕ ਜੋਰਦਾਰ ਮੁਜ਼ਾਹਰਾ ਕੀਤਾ ਗਿਆ ਸੀ।

ਉਨ੍ਹਾਂ ਨੇ ਦੱਸਿਆ ਕਿ ਕਿਉਂਕਿ ਮਹਿੰਗਾਈ ਬਿਨਾਂ ਲਗਾਮ ਵਧਦੀ ਜਾ ਰਹੀ ਹੈ, ਏਸ ਲਈ ਲੋਕਾਂ ਲਈ, ਖਾਸਕਰ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਲਈ, ਰਾਸ਼ਣ ਕਾਰਡ ਦਾ ਮਹੱਤਵ ਹੋਰ ਵੀ ਵਧ ਗਿਆ ਹੈ।

ਉਨ੍ਹਾਂ ਨੇ ਸਮਝਾਇਆ ਕਿ ਵਰਤਮਾਨ ਵਿਵਸਥਾ, ਮਹਿਜ਼ ਮੁੱਠੀ-ਭਰ ਲੋਕਾਂ ਦੀ ਇੱਛਾ-ਪੂਰਤੀ ਦਾ ਸਾਧਨ ਹੈ, ਜਿਹਨੂੰ ਸਰਮਾਏਦਾਰ ਰਾਜਨੀਤਕ ਪਾਰਟੀਆਂ ਦੀ ਮੱਦਦ ਨਾਲ ਪੂਰਾ ਕੀਤਾ ਜਾਂਦਾ ਹੈ। ਇਸ ਵਿਵਸਥਾ ਤੋਂ ਅਸੀਂ ਬਹੁ-ਸੰਖਿਆ ਮਿਹਨਤਕਸ਼ ਲੋਕ ਕੋਈ ਉਮੀਦ ਨਹੀਂ ਰੱਖ ਸਕਦੇ, ਇਹ ਕਦੇ ਸਾਡਾ ਕਲਿਆਣ ਨਹੀਂ ਕਰੇਗੀ। ਲੋਕ ਰਾਜ ਸੰਗਠਨ, ਇਸ ਵਿਵਸਥਾ ਦਾ ਬਦਲ ਪੇਸ਼ ਕਰ ਰਿਹਾ ਹੈ—ਲੋਕ ਰਾਜ ਜਾਣੀਕਿ ਲੋਕਾਂ ਦੇ ਹੱਥਾਂ ‘ਚ ਸੱਤਾ।

ਇਸਤੋਂ ਇਲਾਵਾ ਅਲੱਗ-ਅਲੱਗ ਇਲਾਕਿਆਂ ਦੀਆਂ ਲੋਕ ਰਾਜ ਸਮਿਤੀਆਂ ਦੇ ਬੁਲਾਰਿਆਂ ਨੇ ਵੀ ਧਰਨੇ ਤੇ ਬੈਠੇ ਲੋਕਾਂ ਨੂੰ ਸੰਬੋਧਨ ਕੀਤਾ।

ਇਸਤੋਂ ਬਾਅਦ, ਇੱਕ ਚਾਰ ਮੈਂਬਰੀ ਪ੍ਰਤੀਨਿਧੀ ਮੰਡਲ ਨੇ ਸਰਵਜਨਕ ਵਿਤਰਣ ਵਿਭਾਗ ਦੇ ਸਹਾਇਕ ਸਕੱਤਰ ਨੂੰ ਮਿਲਕੇ ਇੱਕ ਮੰਗ-ਪੱਤਰ ਦਿੱਤਾ। ਉਸ ਨੇ ਆਸ਼ਵਾਸਨ ਦਿੱਤਾ ਕਿ ਜਿਨ੍ਹਾਂ ਲੋਕਾਂ ਦੀਆਂ ਬੀ ਪੀ ਐਲ ਕਾਰਡ ਦੀਆਂ ਅਰਜ਼ੀਆਂ ਦਾਖਲ ਹੋ ਚੁੱਕੀਆਂ ਹਨ, ਉਨ੍ਹਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਕਾਰਡ ਜਾਰੀ ਕਰ ਦਿੱਤੇ ਜਾਣਗੇ।

ਪ੍ਰਤੀਨਿਧੀ ਮੰਡਲ ਨੇ ਵਾਪਸ ਆਕੇ ਹਾਜ਼ਰ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅਗਰ 15 ਦਿਨ੍ਹਾਂ ਤਕ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਅਸੀਂ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਾਂਗੇ। ■



# ਯੂਰਪ ਵਿੱਚ ਆਰਥਕ ਸੰਕਟ

ਯੂਰਪ ਦੇ ਚਾਰ ਦੇਸ਼ਾਂ, ਗ੍ਰੀਸ, ਸਪੇਨ, ਪੁਰਤਗਾਲ ਅਤੇ ਇਟਲੀ ਦੀਆਂ ਆਰਥਕਤਾਵਾਂ ਘੋਰ ਸੰਕਟ ਵਿੱਚ ਹਨ। ਬਾਕੀ ਦੇ ਯੂਰਪੀ ਦੇਸ਼ਾਂ ਉੱਤੇ ਭੀ ਇਸ ਸੰਕਟ ਦਾ ਅਸਰ ਹੋਣ ਦਾ ਡਰ ਹੈ। ਯੂਰੋ ਦੀ ਕੀਮਤ, ਡਾਲਰ ਦੇ ਮੁਕਾਬਲੇ ਥੱਲੇ ਆ ਰਹੀ ਹੈ। ਸਕਲ ਘਰੇਲੂ ਉਤਪਾਦ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2009 ਦੇ ਆਖਰੀ ਤਿੰਨ ਮਹੀਨਿਆਂ ਵਿੱਚ ਇਨ੍ਹਾਂ ਚਾਰਾਂ ਦੇਸ਼ਾਂ ਦੀਆਂ ਆਰਥਕਤਾਵਾਂ ਵਿੱਚ ਸਿਫਰ ਜਾਂ ਮਨਫੀ ਤਰੱਕੀ ਹੋਈ ਹੈ।

ਰਿਪ੍ਹੋਟਾਂ ਦੇ ਮੁਤਾਬਕ, ਗ੍ਰੀਸ 'ਚ ਬੱਜਟ ਦਾ ਘਾਟਾ 12.7 ਪ੍ਰਤੀਸ਼ਤ ਹੈ, ਜੋ ਕਿ ਅਧਿਕਾਰਤ ਯੂਰਪੀ ਸੀਮਾ ਤੋਂ ਚਾਰ ਗੁਣਾ ਜ਼ਿਆਦਾ ਹੈ। 2001 ਵਿੱਚ ਯੂਰੋਜ਼ੋਨ 'ਚ ਪ੍ਰਵੇਸ਼ ਕਰਨ ਤੋਂ ਬਾਅਦ, ਗ੍ਰੀਸ ਦੇ ਲੋਕਾਂ ਨੂੰ ਨਵੇਂ-ਨਵੇਂ ਘਰ, ਮੋਟਰ ਗੱਡੀਆਂ ਅਤੇ ਹੋਰ ਵਸਤਾਂ ਉਧਾਰ ਤੇ ਖ੍ਰੀਦਣ ਲਈ ਹੱਲਾਸ਼ੇਰੀ ਦਿੱਤੀ ਗਈ, ਜਦਕਿ ਇਹਤੋਂ ਪਹਿਲਾਂ ਉਧਾਰ ਖ੍ਰੀਦਣ ਦਾ ਉਥੇ ਕੋਈ ਖਾਸ ਰਿਵਾਜ ਨਹੀਂ ਸੀ। ਗ੍ਰੀਸ ਦੀ ਸਰਕਾਰ ਨੇ ਭੀ, ਅੰਤਰਰਾਸ਼ਟਰੀ ਵਿੱਤ ਪੂੰਜੀ ਤੋਂ ਭਾਰੀ ਕਰਜ਼ੇ ਲਏ। ਉਸਦੀ ਆਰਥਕਤਾ ਵਿੱਚ ਖੂਬ ਤਰੱਕੀ ਹੋਈ, ਜੋ ਕਿ 2004 ਦੇ ਉਲਿੰਪਕ ਖੇਲ੍ਹਾਂ ਤਕ ਚੱਲੀ। ਉਲਿੰਪਕ ਖੇਲ੍ਹਾਂ ਦੀ ਵਜ੍ਹਾ ਨਾਲ ਗ੍ਰੀਸ ਸਰਕਾਰ ਦਿਵਾਲੀਆ ਹੋ ਗਈ। ਉਸਤੋਂ ਬਾਅਦ, ਸਮੁੱਚੀ ਯੂਰਪੀ ਆਰਥਕਤਾ ਵਿੱਚ ਤਰੱਕੀ ਦੇ ਕਰਕੇ, ਗ੍ਰੀਸ ਦੀ ਖਰਾਬ ਆਰਥਕ ਹਾਲਤ ਦੁਨੀਆਂ ਦੀਆਂ ਨਜ਼ਰਾਂ ਤੋਂ ਲੁਕੀ ਰਹੀ। ਹੁਣ ਯੂਰਪੀ ਸੰਘ, ਗ੍ਰੀਸ ਦੀ ਸਰਕਾਰ ਉੱਤੇ ਨੌਕਰੀਆਂ 'ਚ ਕਟੌਤੀ ਕਰਨ, ਤਨਖਾਹਾਂ 'ਚ ਕਟੌਤੀ ਕਰਨ, ਟੈਕਸਾਂ 'ਚ ਵਾਧਾ ਆਦਿ ਕਰਨ ਵਰਗੇ ਕਦਮ ਉਠਾਉਣ ਲਈ ਦਬਾਅ ਪਾ ਰਿਹਾ ਹੈ।

ਯੂਰਪੀ ਆਯੋਗ, ਯੂਰਪੀ ਕੇਂਦਰੀ ਬੈਂਕ ਅਤੇ ਜਰਮਨ ਏਂਜੇਲਾ ਮ੍ਰਕੇਲ ਨੇ ਗ੍ਰੀਸ ਦੀ ਆਰਥਕ ਦੁਰਦਸ਼ਾ ਦੀ ਹਾਲਤ ਵਿੱਚ, ਗ੍ਰੀਸ ਦੀ ਨਵੀਂ ਚੁਣੀ ਗਈ ਸਮਾਜਵਾਦੀ ਸਰਕਾਰ ਨੂੰ ਆਦੇਸ਼ ਦਿੱਤਾ ਕਿ ਮਜਦੂਰ ਜਮਾਤ ਉੱਤੇ ਅਤੇ ਸਰਕਾਰੀ ਕਰਮਚਾਰੀਆਂ ਉੱਤੇ ਤਕੜੇ ਆਰਥਕ ਹਮਲੇ ਕੀਤੇ ਜਾਣ। ਗ੍ਰੀਸ ਦੇ ਪ੍ਰਧਾਨ ਮੰਤਰੀ, ਜੋਰਜ਼ ਪਾਪਾਂਡ੍ਰਯੂ, ਦੇ ਕੋਲ ਇਨ੍ਹਾਂ ਅਦੇਸ਼ਾਂ ਦਾ ਪਾਲਣ ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ।

ਪਾਪਾਂਡ੍ਰਯੂ ਨੇ ਇਹ ਸ਼ਿਕਾਇਤ ਕੀਤੀ ਹੈ ਕਿ ਯੂਰਪੀ ਸੰਘ, ਉਨ੍ਹਾਂ ਦੇ ਦੇਸ਼ ਨੂੰ ਸੰਕਟ 'ਚੋਂ ਕੱਢਣ ਲਈ ਕੋਈ ਵੀ ਮੱਦਦ ਨਹੀਂ ਕਰ ਰਿਹਾ ਹੈ। "ਗ੍ਰੀਸ ਕੋਈ ਆਰਥਕ ਜਾਂ ਰਾਜਨੀਤਕ ਮਹਾਂਸ਼ਕਤੀ ਨਹੀਂ ਹੈ, ਜੋ ਇਕੱਲਿਆਂ ਹੀ ਇਸ ਹਾਲਤ ਨਾਲ ਨਿਪਟ ਸਕਦੀ ਹੈ," ਪਾਪਾਂਡ੍ਰਯੂ ਨੇ ਕਿਹਾ। ਉਸ ਨੇ ਕਿਹਾ ਕਿ ਯੂਰੋਜ਼ੋਨ ਦੀ ਪਹਿਲੀ ਬੜੀ ਪ੍ਰੀਖਿਆ ਵਿੱਚ "ਗ੍ਰੀਸ ਨੂੰ ਯੂਰਪ ਅਤੇ ਅੰਤਰਰਾਸ਼ਟਰੀ ਬਜ਼ਾਰਾਂ ਵਿਚਾਲੇ ਲੜਾਈ 'ਚ ਬਲੀ ਦਾ ਬਕਰਾ ਬਣਾਇਆ ਜਾ ਰਿਹਾ ਹੈ।" ਉਸਨੇ ਯੂਰਪੀ ਸੰਘ ਦੇ ਬਾਕੀ ਮੈਂਬਰਾਂ ਦੀ ਨੁਕਤਾਚੀਨੀ ਕੀਤੀ ਕਿ ਉਹ "ਸਾਡੇ ਦੇਸ਼ ਦੇ ਬਾਰੇ 'ਚ ਪ੍ਰਸਪਰ-ਵਿਰੋਧੀ ਸੰਦੇਸ਼ ਭੇਜ ਰਹੇ ਹਨ... ਕਿ ਇਹ ਮਨੋਭਾਵਨਾ ਪੈਦਾ ਕੀਤੀ ਜਾ ਰਹੀ ਹੈ ਕਿ ਸਾਡੀ ਆਰਥਕਤਾ ਤਬਾਹ ਹੋਣ ਵੱਲ ਜਾ ਰਹੀ ਹੈ"।

ਸਪੇਨ ਦੀ ਆਰਥਕਤਾ, ਯੂਰੋਜ਼ੋਨ 'ਚ ਸ਼ਾਮਲ ਹੋਣ ਤੋਂ ਬਾਅਦ ਦੇ ਸਾਲਾਂ ਵਿੱਚ ਕਾਫੀ ਤੇਜ਼ੀ ਨਾਲ ਵਧੀ ਸੀ। ਲੇਕਿਨ ਵਰਤਮਾਨ ਅੰਤਰਰਾਸ਼ਟਰੀ ਵਿੱਤ ਸੰਕਟ ਦੇ ਬਾਅਦ, ਉਥੇ ਜੋ ਸੰਕਟ ਆਇਆ ਹੈ ਉਸ ਨੇ ਸਪੇਨ ਦੇ ਲੋਕਾਂ ਨੂੰ ਦਹਿਲਾਅ ਦਿੱਤਾ ਹੈ। ਸਪੇਨ ਵਿੱਚ ਬੇਰੁਜ਼ਗਾਰੀ ਦੀ ਦਰ 19.5 ਪ੍ਰਤੀਸ਼ਤ ਹੋ ਗਈ ਹੈ, ਜੋ ਕਿ ਯੂਰਪੀ ਸੰਘ ਦੀ ਔਸਤਨ ਬੇਰੁਜ਼ਗਾਰੀ ਦਰ ਨਾਲੋਂ ਦੋ-ਗੁਣੀ ਹੈ। ਅੱਜ ਉੱਥੇ 40 ਲੱਖ ਲੋਕ ਬੇਰੁਜ਼ਗਾਰ ਹਨ। ਦਸ ਲੱਖ ਤੋਂ ਵਧੇਰੇ ਪ੍ਰੀਵਾਰਾਂ ਵਿੱਚ ਕਮਾਉਣ ਵਾਲਾ ਕੋਈ ਨਹੀਂ ਹੈ। ਸਪੇਨ ਦੀ ਆਰਥਕਤਾ ਦੁਨੀਆਂ ਦੀਆਂ ਮੁੱਖ ਆਰਥਕਤਾਵਾਂ 'ਚੋਂ ਇਕੱਲੀ ਅਜੇਹੀ ਆਰਥਕਤਾ ਹੈ, ਜੋ ਅਜੇ ਵੀ ਮੰਦੀ ਦਾ ਸ਼ਿਕਾਰ ਹੈ, ਜਿੱਥੇ ਪਿਛਲੇ 21 ਮਹੀਨਿਆਂ ਤੋਂ ਲਗਾਤਾਰ ਤਰੱਕੀ ਦੀ ਦਰ ਮਨਫੀ ਰਹੀ ਹੈ। ਉਥੋਂ ਦੀ ਸਰਕਾਰ ਵੀ ਕਹਿ ਰਹੀ ਹੈ ਕਿ ਇਸ ਸਾਲ ਆਰਥਕਤਾ ਹੋਰ ਵੀ ਸੁਕੜ ਜਾਵੇਗੀ।

ਪੁਰਤਗਾਲ ਜੋ ਯੂਰੋਜ਼ੋਨ ਦਾ ਸੱਭ ਤੋਂ ਗਰੀਬ ਦੇਸ਼ ਹੈ, ਉਸਦਾ ਕਰਜ਼ਾ ਹੁਣ ਇੱਕ ਬਹੁਤ ਹੀ ਉੱਚੇ ਪੱਧਰ ਤੇ ਪਹੁੰਚ ਗਿਆ ਹੈ। ਏਦਾਂ ਲੱਗਦਾ ਹੈ ਕਿ 2010 ਵਿੱਚ ਪੁਰਤਗਾਲ ਦਾ ਬੱਜਟ ਘਾਟਾ ਉਸਦੇ ਸਕਲ ਘਰੇਲੂ ਉਤਪਾਦ ਦਾ 9.3 ਪ੍ਰਤੀਸ਼ਤ ਹੋਵੇਗਾ ਇਹ ਵੀ ਇੱਕ ਨਵਾਂ ਰਿਕਾਰਡ ਹੈ, ਅਤੇ ਇਹ ਯੂਰਪੀ ਸੰਘ ਦੀ ਨਿਯਮਤ ਸੀਮਾ ਤੋਂ ਤਿੰਨ-ਗੁਣਾ ਅਧਿਕ ਹੈ। ਅਜੇ ਤੱਕ ਉਥੋਂ ਦੀ ਸਰਕਾਰ ਨੇ, ਨੌਕਰੀਆਂ ਵਿੱਚ ਅਤੇ ਤਨਖਾਹਾਂ ਵਿੱਚ ਕਟੌਤੀ ਕਰਨ ਦੀ ਯੂਰਪੀ ਸੰਘ ਦੀ ਮੰਗ ਨਹੀਂ ਮੰਨੀ ਹੈ।

ਇਟਲੀ ਵਿੱਚ, 2009 'ਚ ਉਦਯੋਗਕ ਉਤਪਾਦਨ 17.4 ਪ੍ਰਤੀਸ਼ਤ ਗਿਰ ਗਿਆ ਅਤੇ ਬਹੁਤ ਸਾਰੇ ਛੋਟੇ ਬਰਾਮਦਕਾਰ ਜਿੰਦਾ ਰਹਿਣ ਲਈ ਸੰਘਰਸ਼ ਕਰ ਰਹੇ ਹਨ। ਕਾਨਫੇਸਰਸੇਂਟੀ ਨਾਮਕ ਬਿਜ਼ਨਿਸ ਜਥੇਬੰਦੀ ਦੀ ਇੱਕ ਹਾਲੀਆ ਰਿਪ੍ਹੋਟ ਮੁਤਾਬਕ, ਇਹ ਅਨੁਮਾਨ ਹੈ ਕਿ ਉਥੋਂ ਦੇ ਦੁਕਾਨਦਾਰ, ਪੁਰਾਣੇ ਕਰਜ਼ੇ ਚੁਕਾਉਣ ਲਈ ਸ਼ਾਹੂਕਾਰਾਂ ਤੋਂ ਹਰ ਸਾਲ ਕ੍ਰੋੜਾਂ-ਅਰਬਾਂ ਯੂਰੋ, 10 ਪ੍ਰਤੀਸ਼ਤ ਮਾਸਕ ਵਿਆਜ ਤੇ ਉਧਾਰ ਲੈਣ ਲਈ ਮਜਬੂਰ ਹਨ। ਇਹ ਸ਼ਾਹੂਕਾਰ, ਇਨ੍ਹਾਂ ਦੁਕਾਨਦਾਰਾਂ ਤੋਂ ਵਸੂਲੀ ਕਰਨ ਲਈ ਅਕਸਰ ਮਾਫੀਆ ਗੁੰਡਿਆ ਦਾ ਇਸਤੇਮਾਲ ਕਰਦੇ ਹਨ। 2010 ਦੇ ਸ਼ੁਰੂ 'ਚ, ਇਟਲੀ ਦਾ ਸਰਕਾਰੀ ਕਰਜ਼ ਅਮਰੀਕਾ ਅਤੇ ਜਪਾਨ ਤੋਂ ਬਾਅਦ ਤੀਸਰੇ ਨੰਬਰ ਤੇ ਸੀ, ਅਤੇ ਅੱਗੇ ਇਹ ਅਨੁਮਾਨ ਹੈ ਕਿ ਇਹ ਸਕਲ ਘਰੇਲੂ ਉਤਪਾਦ ਦਾ 11.5 ਪ੍ਰਤੀਸ਼ਤ ਹੋ ਜਾਵੇਗਾ।

ਗ੍ਰੀਸ, ਸਪੇਨ, ਪੁਰਤਗਾਲ ਅਤੇ ਇਟਲੀ ਦੀਆਂ ਸਰਕਾਰਾਂ, ਆਪਣੀ ਜਨਤਾ ਉੱਤੇ ਹੋਰ ਵਧੇਰੇ ਆਰਥਕ ਕਟੌਤੀਆਂ ਥੋਪਣ ਤੋਂ ਝਿਜਕ ਰਹੀਆਂ ਹਨ, ਕਿਉਂਕਿ ਮਿਹਨਤਕਸ਼ ਲੋਕ ਪਹਿਲਾਂ ਹੀ ਸੰਕਟ ਦੀ ਤਕੜੀ ਮਾਰ ਝੱਲ ਰਹੇ ਹਨ। ਮੈਡ੍ਰਿਡ, ਲਿਸਬਨ, ਰੋਮ ਅਤੇ ਏਥਨਜ਼ ਦੀਆਂ ਸੜਕਾਂ ਤੇ ਲੋਕਾਂ ਦਾ ਗੁੱਸਾ ਅਤੇ ਮੁਸ਼ਕਿਲ ਨਾਲ ਮਿਲੀਆਂ ਨੌਕਰੀਆਂ ਅਤੇ ਸੁਵਿਧਾਵਾਂ ਨੂੰ ਬਚਾਉਣ ਲਈ ਸੰਘਰਸ਼ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਗ੍ਰੀਸ ਦੀਆਂ ਮਜਦੂਰ ਯੂਨੀਅਨਾਂ, ਯੂਰੋਪ ਵਿੱਚ ਸੱਭ ਤੋਂ ਸ਼ਕਤੀਸ਼ਾਲੀ ਹਨ। ਉਨ੍ਹਾਂ ਨੇ ਇਨ੍ਹਾਂ ਆਰਥਕ ਹਮਲਿਆਂ ਦਾ ਵਿਰੋਧ ਕਰਨ ਦਾ ਪ੍ਰਣ ਕੀਤਾ ਹੈ। ਫਰਵਰੀ ਦੇ ਸ਼ੁਰੂ ਤੋਂ ਉਥੇ ਲਗਾਤਾਰ ਹੜਤਾਲਾਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ 'ਚ ਸਰਕਾਰੀ ਕਰਮਚਾਰੀ 24 ਘੰਟਿਆਂ ਲਈ ਸੜਕਾਂ ਤੇ ਨਿਕਲੇ, ਅਤੇ ਉਨ੍ਹਾਂ ਨੇ ਐਲਾਨ ਕੀਤਾ ਕਿ "ਆਰਥਕ ਹਮਲਿਆਂ ਦਾ ਜਵਾਬ ਅਸੀਂ ਹੜਤਾਲਾਂ ਅਤੇ ਧਰਨਿਆਂ ਨਾਲ ਦੇਵਾਂਗੇ"।

ਗ੍ਰੀਸ ਦੀ ਸੱਭ ਤੋਂ ਵੱਡੀ ਯੂਨੀਅਨ ਦੇ ਪ੍ਰਧਾਨ ਨੇ ਇਹ ਕਿਹਾ ਕਿ "ਹਰੇਕ ਦੇਸ਼ ਦੀ ਤਰ੍ਹਾਂ ਹੀ, ਗ੍ਰੀਸ ਵਿੱਚ ਵੀ ਕੁੱਝ ਲੋਕਾਂ ਦੇ ਕੋਲ ਸੱਭ ਕੁਛ ਹੈ ਤੇ ਬਾਕੀਆਂ ਦੇ ਕੋਲ ਕੁਛ ਵੀ ਨਹੀਂ ਹੈ। ਅੱਜ, ਜਿਨ੍ਹਾਂ ਕੋਲ ਕੁਛ ਵੀ ਨਹੀਂ ਹੈ, ਉਨ੍ਹਾਂ ਨੂੰ ਹੋਰ ਕੁਰਬਾਨੀ ਕਰਨ ਲਈ ਕਿਹਾ ਜਾ ਰਿਹਾ ਹੈ। ਸਾਡਾ ਮੱਤ ਹੈ ਕਿ ਜਿਨ੍ਹਾਂ ਨੇ ਬੀਤੇ ਵਰ੍ਹਿਆਂ ਵਿੱਚ ਖੂਬ ਮੁਨਾਫੇ ਕਮਾਏ ਹਨ ਅਤੇ ਆਰਥਕਤਾ ਨੂੰ ਬਚਾਉਣ ਵਿੱਚ ਕੋਈ ਵੀ ਯੋਗਦਾਨ ਨਹੀਂ ਦੇਣਾ ਚਾਹੁੰਦੇ, ਉਨ੍ਹਾਂ ਉੱਤੇ ਸ਼ਿਕੰਜ਼ਾ ਕੱਸਿਆ ਜਾਣਾ ਚਾਹੀਦਾ ਹੈ"।

ਸਪੇਨ ਵਿੱਚ, ਯੂਨੀਅਨਾਂ ਨੇ ਸਰਕਾਰ ਦੇ ਪ੍ਰਸਤਾਵਤ ਆਰਥਕ ਹਮਲਿਆਂ ਦੇ ਖਿਲਾਫ ਵਿਰੋਧ ਪ੍ਰਦਰਸ਼ਨਾਂ ਦਾ ਸੱਦਾ ਦਿੱਤਾ ਹੈ। 23 ਫਰਵਰੀ ਤੋਂ, ਲੱਗ-ਪਗ 10 ਸ਼ਹਿਰਾਂ ਵਿੱਚ, ਦੋ ਹਫਤਿਆਂ ਤਕ ਦੇਸ਼ ਵਿਆਪੀ ਰੈਲੀਆਂ ਦੀ ਘੋਸ਼ਣਾ ਕੀਤੀ ਗਈ

**ਬਾਕੀ ਸਫਾ 19 'ਤੇ**

# ਅਫਗਾਨਿਸਤਾਨ ਉੱਤੇ ਅਮਰੀਕਾ ਦੇ ਤਾਜ਼ਾ ਹਮਲਿਆਂ ਦੀ ਨਿਖੇਧੀ ਕਰੋ!

ਅੱਜ ਦੁਨੀਆਂ 'ਚ ਉਪਲਬਧ ਸੱਭ ਤੋਂ ਖਤਰਨਾਕ ਹਥਿਆਰਾਂ ਨਾਲ ਲੈਸ, ਹਜ਼ਾਰਾਂ ਅਮਰੀਕੀ ਸੈਨਕਾਂ ਨੇ ਫਰਵਰੀ 2010 ਦੇ ਦੂਸਰੇ ਹਫਤੇ ਤੋਂ, ਅਫਗਾਨਿਸਤਾਨ ਵਿੱਚ ਫਿਰ ਤੋਂ ਇੱਕ ਨਵਾਂ ਹਮਲਾ ਸ਼ੁਰੂ ਕਰ ਦਿੱਤਾ ਹੈ। ਇਸ ਹਮਲੇ ਦਾ ਮਕਸਦ ਕਬਜ਼ਾਧਾਰੀ ਫੌਜਾਂ ਦਾ ਵਿਰੋਧ ਕਰ ਰਹੇ ਅਫਗਾਨ ਸੰਗਰਾਮੀਆਂ ਦੇ ਅੱਡਿਆਂ ਨੂੰ ਨਸ਼ਟ ਕਰਨਾ ਹੈ। ਅਮਰੀਕਾ ਅਤੇ ਨਾਟੋ ਦੀਆਂ ਕਬਜ਼ਾਧਾਰੀ ਫੌਜਾਂ ਦੇ ਮੁਤਾਬਕ, ਉਨ੍ਹਾਂ ਦਾ ਉਦੇਸ਼ ਅਫਗਾਨਿਸਤਾਨ ਦੇ ਕੁੱਲ ਇਲਾਕੇ ਨੂੰ "ਤਾਲਿਬਾਨੀ ਕੰਟਰੋਲ" ਤੋਂ "ਮੁਕਤ" ਕਰਵਾਉਣਾ ਹੈ। ਇਸ ਹਮਲੇ ਦੁਰਾਨ ਹਜ਼ਾਰਾਂ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ 'ਚ ਭਾਰੀ ਗਿਣਤੀ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਲ ਹਨ। ਸਿਰਫ ਅਫਗਾਨਿਸਤਾਨ ਵਿੱਚ ਹੀ ਨਹੀਂ; ਬਲਕਿ ਨਾਲ ਲੱਗਦੇ ਪਾਕਿਸਤਾਨ ਦੇ ਇਲਾਕਿਆਂ ਵਿੱਚ ਵੀ, ਹਜ਼ਾਰਾਂ ਬੇਕਸੂਰ ਲੋਕਾਂ ਉੱਤੇ ਕਹਿਰ ਬਰਸਾਇਆ ਜਾ ਰਿਹਾ ਹੈ। ***ਮਜ਼ਦੂਰ ਏਕਤਾ ਲਹਿਰ,*** ਅਮਰੀਕੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਸਹਿਯੋਗੀ ਦੇਸ਼ਾਂ ਦੀ ਇਸ ਖੂੰਖਾਰ ਕਾਰਵਾਈ ਦੀ ਸਖਤ ਨਿਖੇਧੀ ਕਰਦਾ ਹੈ।

ਫਗਾਨਿਸਤਾਨ ਵਿੱਚ ਚੱਲ ਰਹੀ ਇਹ ਜੰਗ, ਅਮਰੀਕਾ ਉਤੇ 11ਸਤੰਬਰ 2001 ਨੂੰ ਹੋਏ ਦਹਿਸ਼ਤਵਾਦੀ ਹਮਲੇ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਉਸ ਵਕਤ ਅਮਰੀਕੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਇਹ ਦਾਵ੍ਹਾ ਕੀਤਾ ਸੀ ਕਿ ਅਫਗਾਨਿਸਤਾਨ ਵਿੱਚ ਰਾਜ ਕਰ ਰਹੇ ਹਾਕਮ ਹੀ ਇਸ ਦਹਿਸ਼ਤੀ ਹਮਲੇ ਲਈ ਜਿਮੇਵਾਰ ਸਨ, ਅਤੇ ਇਨ੍ਹਾਂ ਤੋਂ ਸਾਰੀ ਸੱਭਿਅਤ ਦੁਨੀਆਂ ਨੂੰ ਖਤਰਾ ਹੈ। ਅਫਗਾਨਿਸਤਾਨ ਅੰਦਰ ਉਹ ਇੱਕ ਪੱਛਮੀ ਨਮੂਨੇ ਦੀ ਸੰਸਦੀ ਜਮਹੂਰੀਅਤ, ਬਹੁ-ਪਾਰਟੀ ਜਮਹੂਰੀਅਤ ਅਤੇ ਸੁਸ਼ਾਸ਼ਨ, ਆਦਿ, ਕਾਇਮ ਕਰਨ ਦਾ ਆਪਣਾ "ਅਧਿਕਾਰ" ਜਮ੍ਹਾਉਣਾ ਚਾਹੁੰਦੇ ਸਨ। ਲੇਕਿਨ ਉਨ੍ਹਾਂ ਦਾ ਅਸਲੀ ਮਨੋਰਥ, ਪੱਛਮੀ ਏਸ਼ੀਆ, ਦੱਖਣੀ ਏਸ਼ੀਆ, ਅਤੇ ਮੱਧ ਏਸ਼ੀਆ ਦੇ ਸੰਗਮ ਤੇ ਸਥਿਤ, ਰਣਨੀਤਕ ਨਜ਼ਰੀਏ ਤੋਂ ਮਹੱਤਵਪੂਰ ਇਸ ਇਲਾਕੇ ਉੱਤੇ ਕਬਜਾ ਕਰਨਾ ਸੀ। ਲੇਕਿਨ, ਆਪਣੇ ਸੱਭ ਤੋਂ ਖਤਰਨਾਕ ਅਤੇ ਵਿਸ਼ਾਲ ਫੌਜੀ ਹਥਿਆਰਾਂ ਦੇ ਨਾਲ, ਹਜ਼ਾਰਾਂ ਹੀ ਲੋਕਾਂ ਦਾ ਕਤਲ ਕਰਕੇ, ਅਫਗਾਨਿਸਤਾਨ ਵਿੱਚ ਤਬਾਹੀ ਮਚਾਉਣ ਦੇ ਕਈ ਸਾਲ ਬਾਦ ਵੀ, ਅਮਰੀਕੀ ਗਠਬੰਧਨ ਦੀਆਂ ਇਹ ਫੌਜਾਂ, ਸਿਰਫ ਅਫਗਾਨਿਸਤਾਨ ਦੀ ਰਾਜਧਾਨੀ ਅਤੇ ਉਸਦੇ ਨਾਲ ਲੱਗਦੇ ਕੁੱਝ ਇਲਾਕਿਆਂ ਉੱਤੇ ਹੀ ਆਪਣਾ ਕਬਜ਼ਾ ਜਮਾ ਸਕੀਆਂ ਹਨ। ਜੰਗ ਦੇ ਅੱਠ ਸਾਲ ਤੱਕ ਜਾਰੀ ਰਹਿਣ ਤੋਂ ਬਾਅਦ ਵੀ, ਅਫਗਾਨਿਸਤਾਨ ਦੇ ਅਧਿਕਤਰ ਇਲਾਕੇ ਵਿਦੇਸ਼ੀ ਹਮਲਾਵਰਾਂ ਦੇ ਕੰਟਰੋਲ ਤੋਂ ਬਾਹਰ ਰਹੇ ਹਨ।

ਫਗਾਨਿਸਤਾਨ ਦੇ ਲੋਕਾਂ ਨੇ ਕਦੀ ਵੀ ਵਿਦੇਸ਼ੀ ਹਮਲਾਵਰਾਂ ਅੱਗੇ ਗੋਡੇ ਨਹੀਂ ਟੇਕੇ ਹਨ—ਚਾਹੇ ਹਮਲਾਵਰ ਬਰਤਾਨਵੀ ਬਸਤੀਵਾਦੀਏ ਸਨ, ਜਾਂ ਸੋਵੀਅਤ ਸਮਾਜਕ ਸਾਮਰਾਜਵਾਦੀਏ ਜਾਂ ਫਿਰ ਹੁਣ ਅਮਰੀਕਣ ਸਾਮਰਾਜਵਾਦੀਏ। ਅਮਰੀਕਾ ਅਤੇ ਨਾਟੋ ਫੌਜਾਂ ਵਲੋਂ ਸਥਾਪਤ ਕਠਪੁਤਲੀ ਹਕੂਮਤ ਨੂੰ ਉਨ੍ਹਾਂ ਨੇ ਹਮੇਸ਼ਾ ਨਫਰਤ ਦੀ ਨਿਗਾਹ ਨਾਲ ਦੇਖਿਆ ਹੈ ਅਤੇ ਆਪਣੇ ਦੇਸ਼ ਨੂੰ ਵਿਦੇਸ਼ੀ ਕਬਜਾਧਾਰੀ ਤਾਕਤਾਂ ਤੋਂ ਅਜ਼ਾਦ ਕਰਾਉਣ ਲਈ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖਿਆ ਹੈ। ਦੁਸ਼ਮਣ ਦੀ ਵਿਸ਼ਾਲ ਅਤੇ ਖਤਰਨਾਕ ਫੌਜੀ ਤਾਕਤ ਦੇ ਬਾਵਯੂਦ, ਅਫਗਾਨ ਲੋਕਾਂ ਨੇ ਪਿਛਲੇ 30 ਵਰ੍ਹਿਆਂ ਤੋਂ ਕਬਜ਼ਾਕਰੂ ਤਾਕਤਾਂ ਦੇ ਖਿਲਾਫ ਆਪਣਾ ਸੰਘਰਸ਼ ਜਾਰੀ ਰੱਖਿਆ ਹੈ। ਇਸ ਅਜ਼ਾਦੀ ਸੰਘਰਸ਼ ਦੇ ਚਲਦਿਆਂ, ਸਿਰਫ 2009 ਵਿੱਚ ਹੀ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਦੇ 520 ਫੌਜੀ ਮਾਰੇ ਗਏ। ਅਫਗਾਨਿਸਤਾਨ ਉੱਤੇ ਹਮਲੇ 'ਚ ਸ਼ਾਮਲ ਅਮਰੀਕਾ, ਬਰਤਾਨੀਆਂ ਅਤੇ ਹੋਰ ਦੇਸ਼ਾਂ ਦੇ ਲੋਕਾਂ ਦੇ ਨਾਲੋ-ਨਾਲ, ਪੂਰੀ ਦੁਨੀਆਂ ਦੇ ਲੋਕ ਇਸ ਨਜ਼ਾਇਜ਼ ਜੰਗ ਦੇ ਖਿਲਾਫ ਆਪਣੀ ਅਵਾਜ਼ ਬੁਲੰਦ ਕਰ ਰਹੇ ਹਨ।

ਇਸ ਜੰਗ ਨੂੰ ਕਿਸੇ ਵੀ ਹਾਲਤ ਵਿੱਚ "ਜਿੱਤਣ" ਦੀ ਕੋਸ਼ਿਸ਼ ਵਿੱਚ, ਅਮਰੀਕਾ ਦੀ ਅਗਵਾਈ ਵਾਲੀਆਂ ਹਮਲਾਵਰ ਫੌਜਾਂ ਨੇ, ਆਪਣੀ ਪੂਰੀ ਤਾਕਤ ਅਤੇ ਪ੍ਰਚਾਰ ਦੇ ਨਾਲ ਮਾਰਜਾਹ ਵਰਗੇ ਸ਼ਹਿਰਾਂ ਉੱਤੇ ਹਮਲਾ ਸ਼ੁਰੂ ਕੀਤਾ ਹੈ, ਜੋ ਕਿ ਪ੍ਰਤੀਰੋਧ ਸੰਘਰਸ਼ ਦੇ ਮਜਬੂਤ ਕੇਂਦਰ ਹਨ। ਇਸ ਹਮਲੇ ਦੀ ਸਹਾਇਤਾ ਲਈ, ਪ੍ਰਸਾਰ ਮੀਡੀਆ ਰਾਹੀਂ ਇਹ ਪ੍ਰਚਾਰ ਫੈਲਾਇਆ ਜਾ ਰਿਹਾ ਹੈ ਕਿ ਕਬਜ਼ਾਧਾਰੀ ਫੌਜ, ਨਾ ਸਿਰਫ ਇਸ ਪ੍ਰਤੀਰੋਧ ਨੂੰ ਖਤਮ ਕਰ ਦੇਵੇਗੀ, ਬਲਕਿ ਇਸਤੋਂ ਬਾਅਦ ਇਨ੍ਹਾਂ ਸ਼ਹਿਰਾਂ ਅੰਦਰ "ਅਫਗਾਨੀ ਪੁਲਸ ਅਤੇ ਪ੍ਰਸ਼ਾਸਨ" ਚੰਗੀ ਹਕੂਮਤ ਬਰਕਰਾਰ ਰੱਖਣਗੇ, ਤਾਂਕਿ ਪ੍ਰਤੀਰੋਧੀ ਤਾਕਤਾਂ ਵਾਪਸ ਨਾ ਆ ਸਕਣ। ਅਮਰੀਕਾ ਢੀਂਗਾਂ ਮਾਰ ਰਿਹਾ ਹੈ ਕਿ ਉਹ ਨਾ ਸਿਰਫ ਪ੍ਰਤੀਰੋਧ ਨੂੰ ਖਤਮ ਕਰੇਗਾ, ਬਲਕਿ "ਪ੍ਰਤੀਰੋਧ ਦਾ ਸਫਾਇਆ ਕਰਕੇ, ਆਪਣੀ ਪਕੜ੍ਹ ਮਜਬੂਤ ਕਰੇਗਾ ਅਤੇ ਉਸਾਰੀ ਦੇ ਕੰਮ ਚਲਾਏਗਾ"। ਇਸ ਪ੍ਰਚਾਰ ਦੇ ਜ਼ਰੀਏ ਉਹ ਇਹ ਜਤਾਉਣਾ ਚਾਹੁੰਦਾ ਹੈ ਕਿ ਹਮਲਾਵਰ ਫੌਜਾਂ ਪਿਛਲੇ ਅੱਠ ਸਾਲਾਂ ਤੋਂ ਕਾਬੁਲ ਨੂੰ ਛੱਡਕੇ ਦੇਸ਼ ਦੇ ਬਾਕੀ ਹਿੱਸੇ ਉੱਤੇ ਆਪਣੀ ਹਕੂਮਤ ਇਸ ਲਈ ਲਾਗੂ ਨਹੀਂ ਕਰ ਸਕੀਆਂ ਕਿਉਂਕਿ ਉਨ੍ਹਾਂ ਨੇ "ਸੁਸ਼ਾਸ਼ਨ" ਕਾਇਮ ਨਹੀਂ ਕੀਤਾ ਸੀ। ਉਹ ਏਸ ਸੱਚਾਈ ਤੇ ਪਰਦਾ ਪਾਉਣਾ ਚਾਹੁੰਦੇ ਹਨ ਕਿ ਪੂਰੇ ਅਫਗਾਨਿਸਤਾਨ ਦੇ ਲੋਕ ਅਤੇ ਸਮੁੱਚੀ ਦੁਨੀਆਂ ਦੇ ਅਮਨ-ਪਸੰਦ ਅਤੇ ਇਨਸਾਫ-ਪਸੰਦ ਲੋਕ, ਇਨ੍ਹਾਂ ਹਮਲਾਵਰ ਤਾਕਤਾਂ ਨੂੰ ਨਫਰਤ ਕਰਦੇ ਹਨ।

ਅਫਗਾਨਿਸਤਾਨ ਉੱਤੇ ਇਸ ਤਾਜ਼ਾ ਹਮਲੇ ਨੂੰ ਲਾਜ਼ਮੀ ਨੂੰ ਠੱਲ੍ਹਿਆ ਜਾਣਾ ਚਾਹੀਦਾ ਹੈ। ਹਮਲਾਵਰ ਤਾਕਤਾਂ ਨੂੰ ਅਫਗਾਨਿਸਤਾਨ 'ਚੋਂ ਨਿਕਲਣ ਲਈ ਮਜਬੂਰ ਕਰ ਦਿੱਤਾ ਜਾਣਾ ਚਾਹੀਦਾ ਹੈ, ਤਾਂ ਕਿ ਅਫਗਾਨਿਸਤਾਨ ਦੇ ਲੋਕ ਆਪਣੇ ਭਵਿੱਖ ਦਾ ਫੈਸਲਾ ਖੁਦ ਕਰ ਸਕਣ। ਸਾਰੇ ਸਾਮਰਾਜਵਾਦੀ ਨੇਤਾਵਾਂ, ਉਨ੍ਹਾਂ ਦੇ ਫੌਜੀ ਸੈਨਾਪਤੀਆਂ ਅਤੇ ਸਮਰਥਕਾਂ, ਜਿਨ੍ਹਾਂ ਨੇ ਜੰਗ ਸ਼ੁਰੂ ਕੀਤੀ ਸੀ ਅਤੇ ਇਸਨੂੰ ਜਾਰੀ ਰੱਖ ਰਹੇ ਹਨ—ਉਨ੍ਹਾਂ ਸੱਭ ਦੇ ਖਿਲਾਫ ਨਸਲਕੁਸ਼ੀ ਅਤੇ ਜੰਗੀ ਅਪਰਾਧਾਂ ਲਈ ਖੁੱਲਾ ਮੁੱਕਦਮਾ ਚਲਾਕੇ ਉਨ੍ਹਾਂ ਨੂੰ ਸਜਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ■


1. ਸਮਾਚਾਰ ਪੱਤਰ ਦਾ ਨਾਮ -- ਮਜ਼ਦੂਰ ਏਕਤਾ ਲਹਿਰ
2. ਸਮਾਚਾਰ ਪੱਤਰ ਦੀ ਪੰਜੀਕਰਣ ਸੰਖਿਆ -- 2009/29968
3. ਭਾਸ਼ਾ/ਭਾਸ਼ਾਵਾਂ ਜਿਸ 'ਚ ਸਮਾਚਾਰ ਪੱਤਰ ਪ੍ਰਕਾਸ਼ਤ ਕੀਤਾ ਜਾਂਦਾ ਹੈ -- ਪੰਜਾਬੀ
4. ਇਸਦੇ ਪ੍ਰਕਾਸ਼ਨ ਦਾ ਨਿਯਤਕਾਲ ਅਤੇ ਜਿਸ ਦਿਨ/ਤਾਰੀਖ ਨੂੰ ਇਹ ਪ੍ਰਕਾਸ਼ਤ ਹੁੰਦਾ ਹੈ -- ਹਰ ਮਹੀਨੇ, 9 ਤਾਰੀਖ ਨੂੰ
5. ਸਮਾਚਾਰ ਪੱਤਰ ਦਾ ਮੁੱਲ -- 5 ਰੁਪਏ
6. ਪ੍ਰਕਾਸ਼ਕ ਦਾ ਨਾਮ-- ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼ ਦੇ ਲਈ, ਮਧੁਸੂਦਨ ਕਸਤੂਰੀ<br>ਰਾਸ਼ਟਰੀਅਤਾ -- ਭਾਰਤੀ<br>ਪਤਾ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020
7. ਛਾਪਕ ਦਾ ਨਾਮ--ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼ ਦੇ ਲਈ, ਮਧੁਸੂਦਨ ਕਸਤੂਰੀ<br>ਰਾਸ਼ਟਰੀਅਤਾ -- ਭਾਰਤੀ<br>ਪਤਾ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020
8. ਸੰਪਾਦਕ ਦਾ ਨਾਮ -- ਸ਼੍ਰੀ ਚੰਦਰਭਾਨ<br>ਰਾਸ਼ਟਰੀਅਤਾ -- ਭਾਰਤੀ<br>ਪਤਾ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020
9. ਜਿਸ ਜਗ੍ਹਾ ਤੇ ਛਪਾਈ ਦਾ ਕੰਮ ਹੁੰਦਾ ਹੈ ਅਤੇ ਸਹੀ ਵਿਵਰਣ -- ਮਾ ਪ੍ਰਿੰਟਰਜ਼, ਬੀ-24/2, ਓਖਲਾ ਫੇਜ਼-2, ਨਵੀਂ ਦਿੱਲੀ 110020 (ਅਤੇ ਦੋ ਹੋਰ)
10. ਪ੍ਰਕਾਸ਼ਨ ਦਾ ਸਥਾਨ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020

## ਔਰਤਾਂ ਦੀ ਮੁਕਤੀ...

**ਸਫਾ 7 ਦੀ ਬਾਕੀ**

ਨੂੰ ਆਪਣੇ ਵਿਚ ਸ਼ਾਮਿਲ ਕਰਨ ਲਈ, ਕੁਝ ਕੁ ਰਿਆਇਤਾਂ ਵੀ ਦੇਣ ਨੂੰ ਤਿਆਰ ਹਨ। ਔਰਤਾਂ ਦੀ ਪੂਰਨ ਮੁਕਤੀ ਲਈ ਅੰਦੋਲਨ ਤੇ ਸਮਾਜਵਾਦ ਲਈ ਅੰਦੋਲਨ ਵਿਚ ਸਬੰਧ ਨੂੰ ਕਮਜ਼ੋਰ ਕਰਨ ਦੇ ਇਰਾਦੇ ਨਾਲ ਪੂੰਜੀਪਤੀ ਇਸ ਤਰ੍ਹਾਂ ਕਰਦੇ ਹਨ। ਪਰ ਪਰਿਵਾਰਕ ਦਮਨ ਦੇ ਨਾਲ ਸਾਰੇ ਤਰ੍ਹਾਂ ਦੇ ਸ਼ੋਸ਼ਣ ਤੇ ਦਮਨ 'ਚ ਔਰਤ ਮੁਕਤੀ ਦੀ ਸ਼ਰਤ ਸਮਾਜਵਾਦ ਦੀ ਜਿੱਤ ਹੈ। ਔਰਤਾਂ ਦੀ ਮੁਕਤੀ ਦੇ ਅੰਦੋਲਨ ਤੇ ਇਨਸਾਨ ਵੱਲੋਂ ਇਨਸਾਨ ਦੇ ਹਰ ਤਰ੍ਹਾਂ ਦੇ ਸ਼ੋਸ਼ਣ ਨੂੰ ਖਤਮ ਕਰਕੇ ਮਜ਼ਦੂਰ ਵਰਗ ਦੀ ਮੁਕਤੀ ਦੇ ਅੰਦੋਲਨ, ਇਨ੍ਹਾਂ ਦੋਵਾਂ ਨੂੰ ਪੂੰਜੀਵਾਦੀ ਨਾਰੀਵਾਦ ਕਮਜ਼ੋਰ ਕਰਦਾ ਹੈ।

ਹਿੰਦੁਸਤਾਨ 'ਚ 70 ਤੋਂ 80 ਦੇ ਦਹਾਕਿਆਂ 'ਚ, ''ਸਵਾਇਤ'' ਔਰਤ ਅੰਦੋਲਨ ਦੇ ਰੂਪ 'ਚ, ਪੂੰਜੀਵਾਦੀ ਨਾਰੀਵਾਦ ਦਾ ਪ੍ਰਭਾਵ ਕਈ ਸ਼ਹਿਰੀ ਸਿੱਖਿਅਤ ਔਰਤਾਂ 'ਤੇ ਫੈਲਿਆ। ਇਸ ਧਾਰਾ ਤਹਿਤ ਮਜ਼ਦੂਰ ਵਰਗ ਅੰਦੋਲਨ ਤੇ ਰਾਜਨੀਤਕ ਤੇ ਸਮਾਜਿਕ ਅਧਿਕਾਰਾਂ ਲਈ ਆਮ ਜਨ ਅੰਦੋਲਨ ਤੋਂ ਔਰਤਾਂ ਨੂੰ ਅਲਗ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਔਰਤਾਂ ਦੀ ਇਕ ਪੂਰੀ ਪੀੜ੍ਹੀ ਦੇ ਜੋਸ਼ ਨੂੰ ਬੰਦ ਗਲੀ 'ਚ ਗੁੰਮਰਾਹ ਕਰਵਾਇਆ ਗਿਆ।

90 ਦੇ ਦਹਾਕੇ 'ਚ ਸਮਾਜਵਾਦ ਨੂੰ ਡੇਗਣ 'ਤੇ ਅਤੇ ਪੂੰਜੀਵਾਦੀ ਸੁਧਾਰਾਂ, ਹਮਲਿਆਂ ਤੇ ਜੰਗ ਦੇ ਪ੍ਰੋਗਰਾਮ ਨੂੰ ਵਿਸ਼ਵ ਪੂੰਜੀਵਾਦ ਵੱਲੋਂ ਸਾਰੇ ਦੇਸ਼ਾਂ 'ਤੇ ਥੋਪੇ ਜਾਣ 'ਤੇ ਔਰਤਾਂ ਦਾ ਸੰਘਰਸ਼ ਫਿਰ ਤੋਂ ਉੱਭਰਿਆ। ਵਿਸ਼ਵ ਭਰ 'ਚ ਔਰਤਾਂ ਪੂੰਜੀਵਾਦੀ ਸੁਧਾਰਾਂ ਦੇ ਵਿਨਾਸ਼ਕਾਰੀ ਨਤੀਜਿਆਂ ਦਾ ਵਿਰੋਧ ਕਰਨ ਲਈ, ਸਮਾਰਜਵਾਦੀ ਜੰਗ ਤੇ ਹਮਲੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ ਲੱਗੀਆਂ। ਹਿੰਦੁਸਤਾਨ 'ਚ, ਇਸ ਮੌਜੂਦਾ ਸਮੇਂ 'ਚ,ਔਰਤਾਂ ਵੱਡੀ ਸੰਖਿਆ 'ਚ, ਮਰਦਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ, ਅਕਸਰ ਸੰਘਰਸ਼ ਦੀਆਂ ਆਗੂ ਦੇ ਤੌਰ 'ਤੇ ਅੱਗੇ ਨਿਕਲ ਆਈਆਂ ਹਨ- ਉਦਾਰੀਕਰਣ, ਨਿੱਜੀਕਰਣ ਤੇ ਭੂਮੰਡਲੀਕਰਣ ਦੀਆਂ ਨੀਤੀਆਂ ਖਿਲਾਫ਼ ਵੱਡੀਆਂ ਇਜਾਰੇਦਾਰ ਕੰਪਨੀਆਂ ਵੱਲੋਂ ਆਪਣੀ ਜ਼ਮੀਨ ਤੇ ਸਾਧਨਾਂ ਦੀ ਲੁੱਟ-ਖਸੁੱਟ ਖਿਲਾਫ਼ ਰਾਜ ਵੱਲੋਂ ਕਰਵਾਈ ਜਾਂਦੀ ਹਿੰਸਾ ਖਿਲਾਫ਼ ਆਪਣੇ ਰਾਸ਼ਟਰੀ ਹੱਕਾਂ ਲਈ ਮਜ਼ਦੂਰ ਦੇ ਤੌਰ 'ਤੇ ਆਪਣੇ ਹੱਕਾਂ ਲਈ ਤੇ ਸਾਰੇ ਤਰ੍ਹਾਂ ਦੇ ਸਮਾਜਿਕ ਅੱਤਿਆਚਾਰ ਤੇ ਨਾਬਰਾਬਰਤਾ ਦੇ ਖਿਲਾਫ਼।

ਪੂੰਜੀਪਤੀਆਂ ਦਾ ਇਹ ਪ੍ਰਚਾਰ, ਕਿ ਔਰਤ ਵਰਗ ਸ਼ੋਸ਼ਣ 'ਤੇ ਅਧਾਰਤ ਮੌਜੂਦਾ ਸਮਾਜ ਦੇ ਅੰਦਰ ਹੀ ਆਪਣੀ ਮੁਕਤੀ ਪਾ ਸਕਦੀਆਂ ਹਨ, ਇਹ ਬਹੁਤ ਵੱਡਾ ਧੋਖਾ ਹੈ। ਔਰਤਾਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ। ਬੀਤੀ ਸਦੀ 'ਚ ਅੰਤਰਰਾਸ਼ਟਰੀ ਔਰਤ ਅੰਦੋਲਨ ਦੇ ਇਤਿਹਾਸ ਦਾ ਅਮਿਟ ਸਬਕ ਇਹੀ ਹੈ ਕਿ ਔਰਤਾਂ ਦੀ ਮੁਕਤੀ ਦੇ ਸੰਘਰਸ਼ ਨੂੰ ਸਮਾਜ 'ਚ ਸਾਰੇ ਤਰ੍ਹਾਂ ਦੇ ਸ਼ੋਸ਼ਣ ਨੂੰ ਮਿਟਾਉਣ ਲਈ ਮਜ਼ਦੂਰ ਵਰਗ ਦੀ ਅਗਵਾਈ 'ਚ ਕੀਤੇ ਜਾ ਰਹੇ ਸੰਘਰਸ਼ ਦੇ ਨਾਲ ਜੋੜ ਕੇ ਹੀ ਕੀਤਾ ਜਾਣਾ ਚਾਹੀਦਾ ਹੈ। ਸਮਾਜਵਾਦ ਤੇ ਕਮਿਊਨਿਜ਼ਮ ਹੀ ਔਰਤਾਂ ਦਾ ਪੂਰਨ ਮੁਕਤੀ ਕਰ ਸਕਦਾ ਹੈ, ਸਮਾਜਵਾਦ ਤੇ ਕਮਿਊਨਿਜ਼ਮ ਦਾ ਸੰਘਰਸ਼ ਤਦ ਹੀ ਕਾਮਯਾਬ ਹੋ ਸਕਦਾ ਜਦ ਔਰਤਾਂ ਜ਼ਿਆਦਾ ਤੋਂ ਜ਼ਿਆਦਾ ਸੰਖਿਆ 'ਚ ਅੱਗੇ ਆ ਕੇ ਉਸ 'ਚ ਭਾਗ ਲੈਣ। ■

---

## ਕੇਂਦਰੀ ਬੱਜਟ 2010/11...

**ਸਫਾ 2 ਦੀ ਬਾਕੀ**

– ਆਰਥਕਤਾ ਵਿੱਚ ਸਮੁੱਚੇ ਕਾਲੇ ਧਨ ਅਤੇ ਛੁਪਾਏ ਹੋਏ ਧਨ ਨੂੰ ਤੁਰੰਤ ਜ਼ਬਤ ਕੀਤਾ ਜਾਵੇ।

ਇੱਕ ਸਾਲ ਪਹਿਲਾਂ, ਜਦ 2009-10 ਦਾ ਬੱਜਟ ਪੇਸ਼ ਕੀਤਾ ਗਿਆ ਸੀ, ਤਾਂ ਖਾਧ ਸਬਸਿਡੀ ਲਈ 52,500 ਕ੍ਰੋੜ ਰੁਪਏ ਰੱਖੇ ਗਏ ਸਨ, ਜਦਕਿ ਹਥਿਆਰਾਂ ਦੀ ਖ੍ਰੀਦ ਵਾਸਤੇ 54,800 ਕ੍ਰੋੜ ਰੁਪਏ ਅਤੇ ਵਿਆਜ ਭੁਗਤਾਨਾਂ ਲਈ 2,25,000 ਕ੍ਰੋੜ ਰੁਪਏ ਰੱਖੇ ਗਏ ਸਨ। ਜੇਕਰ ਸਮੁੱਚੇ ਵਿਆਜ ਭੁਗਤਾਨਾਂ 'ਚੋਂ ਅੱਧੇ ਨੂੰ ਵੀ ਰੋਕ ਲਿਆ ਜਾਵੇ, ਤਾਂ ਸਿਰਫ ਇਸਤੋਂ ਹੀ ਖਾਧ ਸਬਸਿਡੀ ਵਿੱਚ ਤਿੰਨ-ਗੁਣਾ ਵਾਧਾ ਕੀਤਾ ਜਾ ਸਕਦਾ ਹੈ।

ਮਜਦੂਰ ਏਕਤਾ ਲਹਿਰ,ਮਜਦੂਰ ਜਮਾਤ ਦੀਆਂ ਸੱਭ ਪਾਰਟੀਆਂ ਅਤੇ ਜਥੇਬੰਦੀਆਂ ਨੂੰ ਹੋਕਾ ਦਿੰਦਾ ਹੈ ਕਿ ਖਾਧ ਸਮੱਸਿਆ ਦੇ ਫੌਰੀ ਅਤੇ ਭਰੋਸੇਯੋਗ ਹੱਲ ਦੀ ਮੰਗ ਨੂੰ ਲੈਕੇ ਸੰਘਰਸ਼ ਵਿੱਚ ਇੱਕਜੁੱਟ ਹੋਵੇ! ਖਾਧ ਵਸਤਾਂ ਦੀ ਖ੍ਰੀਦ ਅਤੇ ਵਿਤਰਣ ਦਾ ਮੁਕੰਮਲ ਸਮਾਜੀਕਰਣ ਹੀ ਇੱਕ-ਮਾਤਰ ਸਥਾਈ ਹੱਲ ਹੈ, ਅਤੇ ਇਸ ਮੰਗ ਉੱਤੇ ਸਾਨੂੰ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ। ਆਓ, ਇਸ ਸੰਘਰਸ਼ ਵਿੱਚ ਜੁੱਟ ਜਾਈਏ, ਜੋ ਕਿ ਪੂੰਜੀਵਾਦ ਦੀ ਥਾਂ ਤੇ ਸਮਾਜਵਾਦ ਲਿਆਉਣ ਦੇ ਸੰਘਰਸ਼ ਦਾ ਹੀ ਇੱਕ ਹਿੱਸਾ ਹੈ।

## ਪੂਨੇ 'ਚ ਦਹਿਸ਼ਤੀ ਹਮਲਾ...

**ਸਫਾ 9 ਦੀ ਬਾਕੀ**

ਹਨ। ਏਸ਼ਿਆਈ ਦੇਸ਼ਾਂ ਦੀਆਂ ਆਰਥਕਤਾਵਾਂ ਬੜੀ ਤੇਜ਼ੀ ਨਾਲ ਤਰੱਕੀ ਕਰ ਰਹੀਆਂ ਹਨ। ਇਸ ਹਾਲਤ 'ਚ ਕਈ ਸਾਮਰਾਜਵਾਦੀ ਤਾਕਤਾਂ, ਏਸ਼ੀਆ ਅੰਦਰ ਆਪੋ-ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਯਤਨਸ਼ੀਲ ਹਨ, ਜਿਨ੍ਹਾਂ 'ਚ ਸੱਭ ਤੋਂ ਅਹਿਮ ਭੂਮਿਕਾ ਅਮਰੀਕਾ ਦੀ ਹੈ। ਆਪਣੇ ਇਲਾਕੇ ਅੰਦਰ ਵਧ ਰਹੀਆਂ ਇਨ੍ਹਾਂ ਦਹਿਸ਼ਤਵਾਦੀ ਵਾਰਦਾਤਾਂ ਨੂੰ ਅੰਤਰ-ਸਾਮਰਾਜਵਾਦੀ ਜੰਗ ਦੀ ਪੂਰਵ-ਘੋਸ਼ਣਾ ਦੇ ਤੌਰ ਤੇ ਦੇਖਣਾ ਚਾਹੀਦਾ ਹੈ।

ਲੋਕਾਂ ਦੇ ਇਨਕਲਾਬੀ ਮੁਕਤੀ ਸੰਘਰਸ਼ਾਂ ਨੂੰ ਬਦਨਾਮ ਕਰਨ ਦੇ ਲਈ ਅਤੇ ਸਮਾਜਵਾਦ ਦੀ ਦਿਸ਼ਾ ਵੱਲ ਮਜਦੂਰ ਜਮਾਤ ਦੇ ਸੰਘਰਸ਼ ਉੱਤੇ ਹਮਲਾ ਕਰਨ ਦੇ ਲਈ, ਦਹਿਸ਼ਤਵਾਦ ਦੀ ਵਰਤੋਂ ਕੀਤੀ ਜਾ ਰਹੀ ਹੈ। ਹਿੰਦੋਸਤਾਨ ਦੀ ਮਜਦੂਰ ਜਮਾਤ ਨੂੰ, ਆਪਣੇ ਦੇਸ਼ ਦੇ ਸਾਮਰਾਜਵਾਦੀ ਹਾਕਮਾਂ ਦੇ ਖਿਲਾਫ ਅਤੇ ਬਾਹਰਲੇ ਸਾਮਰਾਜਵਾਦੀਆਂ ਦੇ ਖਿਲਾਫ ਡਟਕੇ ਸੰਘਰਸ਼ ਕਰਨਾ ਚਾਹੀਦਾ ਹੈ। ਸਾਨੂੰ ਹਿੰਦੋਸਤਾਨ, ਅਮਰੀਕਾ ਅਤੇ ਹੋਰ ਸਾਮਰਾਜੀ ਤਾਕਤਾਂ ਦੇ ਮਨਸੂਬਿਆਂ ਅਤੇ ਜੰਗ ਦੀਆਂ ਤਿਆਰੀਆਂ ਦਾ ਡਟਕੇ ਪਰਦਾਫਾਸ਼ ਅਤੇ ਵਿਰੋਧ ਕਰਨਾ ਚਾਹੀਦਾ ਹੈ। ਸਾਨੂੰ, ਦੱਖਣੀ ਏਸ਼ੀਆ ਅੰਦਰ ਹਰ ਕਿਸਮ ਦੀ ਵਿਦੇਸ਼ੀ ਸਾਮਰਾਜਵਾਦੀ ਦਖਲ-ਅੰਦਾਜ਼ੀ ਦਾ ਵਿਰੋਧ ਕਰਨਾ ਚਾਹੀਦਾ ਹੈ। ਜਦ ਮਜਦੂਰ ਜਮਾਤ, ਵਰਤਮਾਨ ਸਰਮਾਏਦਾਰਾਨਾ ਹਕੂਮਤ ਦਾ ਤਖਤਾ ਪਲਟਕੇ, ਉਹਦੀ ਜਗ੍ਹਾ ਤੇ ਆਪਣੀ ਹਕੂਮਤ ਕਾਇਮ ਕਰ ਲਏਗੀ, ਤਾਂ ਹੀ ਸਾਡੇ ਦੇਸ਼ ਅੰਦਰ ਦਹਿਸ਼ਤਵਾਦ ਦੀ ਮਹਾਂਮਾਰੀ ਨੂੰ ਖਤਮ ਕਰਨ ਦੇ ਹਾਲਾਤ ਪੈਦਾ ਕੀਤੇ ਜਾ ਸਕਣਗੇ। ■


**Mazdoor Ekta Lehar**

**(Fortnightly)**

Annual Contribution: Rs. 200 (within India), US $ 25 (abroad) Send Cheque/Demand Draft in the name of:

Lok Awaz Publishers and Distributors,

E-392, Sanjay Colony, Okhla

Phase - II, New Delhi - 110 020

## ਯੂਰਪ ਵਿੱਚ ਆਰਥਕ ਸੰਕਟ...

**ਸਫਾ 16 ਦੀ ਬਾਕੀ**

ਹੈ। ਸਪੇਨ ਦੇ ਮਿਹਨਤਕਸ਼ਾਂ ਦੇ ਅੱਧੇ ਹਿੱਸੇ ਕੋਲ ਕੰਮ ਦੇ ਸਥਾਈ ਠੇਕੇ ਹਨ, ਜਿਸ ਕਰਕੇ ਉਨ੍ਹਾਂ ਨੂੰ ਕੰਮ ਤੋਂ ਕੱਢਣਾ ਮੁਸ਼ਕਿਲ ਅਤੇ ਮਹਿੰਗਾ ਹੋ ਸਕਦਾ ਹੈ। ਬਾਕੀ ਦੇ ਅੱਧੇ ਮਿਹਨਤਕਸ਼ ਸਵੈ-ਰੁਜ਼ਗਾਰ ਜਾਂ ਅਸਥਾਈ ਠੇਕਿਆਂ ਤੇ ਕੰਮ ਕਰਦੇ ਹਨ ਜਾਂ ਫਿਰ ਬੇਰੁਜ਼ਗਾਰ ਹਨ, ਅਤੇ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਹੈ।

ਲਿਸਬਨ ਵਿੱਚ ਜਨਤਕ ਪ੍ਰਦਰਸ਼ਨ ਸ਼ੁਰੂ ਹੋ ਚੁੱਕੇ ਹਨ। 5 ਫਰਵਰੀ ਨੂੰ 50,000 ਤੋਂ ਅਧਿਕ ਸਰਕਾਰੀ ਕਰਮਚਾਰੀਆਂ ਨੇ ਤਨਖਾਹ 'ਚ ਵਾਧੇ ਉੱਤੇ ਲੱਗੀ ਰੋਕ ਦੇ ਖਿਲਾਫ ਅਵਾਜ਼ ਉਠਾਈ। ਪੁਰਤਗਾਲ ਦੀ ਸਰਕਾਰ ਨੇ ਕਿਹਾ ਹੈ ਕਿ ਸੇਵਾ-ਮੁਕਤ ਹੋਣ ਵਾਲੇ ਹਰ ਦੋ ਸਰਕਾਰੀ ਕਰਮਚਾਰੀਆਂ ਦੀ ਥਾਂ ਤੇ ਸਿਰਫ ਇੱਕ ਹੀ ਨਵਾਂ ਕਰਮਚਾਰੀ ਰੱਖਿਆ ਜਾਵੇਗਾ, ਜਿਸ ਨਾਲ ਸਰਕਾਰੀ ਨੌਕਰੀਆਂ 'ਚ ਭਾਰੀ ਕਟੌਤੀ ਹੋਵੇਗੀ।

ਇਟਲੀ ਵਿੱਚ, ਨੌਕਰੀਆਂ 'ਚ ਵਧ ਰਹੀ ਛਾਂਟੀ ਦੇ ਖਿਲਾਫ 12 ਮਾਰਚ ਨੂੰ ਆਮ ਹੜਤਾਲ ਦੀ ਘੋਸ਼ਣਾ ਕੀਤੀ ਗਈ ਹੈ। ਕਾਸਾ ਇੰਟਗ੍ਰਾਜ਼ਾਇਨ ਨਾਮਕ ਰਾਸ਼ਟਰੀ ਕੋਸ਼, ਜਿਹਦੇ 'ਚ ਕਰਮਚਾਰੀ ਅਤੇ ਕੰਪਣੀ ਦੋਨੋ ਯੋਗਦਾਨ ਪਾਉਂਦੇ ਹਨ, ਉਸਦੇ ਇਸਤੇਮਾਲ ਨੂੰ ਲੈਕੇ ਇੱਕ ਵੱਡਾ ਰਾਜਨੀਤਕ ਸੰਘਰਸ਼ ਛਿੜਨ ਦੀ ਸੰਭਾਵਨਾ ਹੈ। ਇਸ ਕੋਸ਼ ਦੀ ਰਾਸ਼ੀ 'ਚੋਂ, ਆਰਥਕ ਮੰਦੀ ਦੇ ਸਮੇਂ ਫੈਕਟ੍ਰੀਆਂ 'ਚ ਤਾਲਾਬੰਦੀ ਹੋਣ ਤੇ ਜਾਂ ਘੱਟ ਘੰਟੇ ਕੰਮ ਹੋਣ ਤੇ, ਕਰਮਚਾਰੀਆਂ ਨੂੰ ਅੰਸ਼ਕ ਤਨਖਾਹ ਦਿੱਤੀ ਜਾਂਦੀ ਰਹੀ ਹੈ। ਸਰਕਾਰ ਕਹਿ ਰਹੀ ਹੈ ਕਿ ਇਸ ਕੋਸ਼ ਵਿੱਚੋਂ ਧੰਨ ਕੰਪਣੀਆਂ ਨੂੰ ਦਿੱਤਾ ਜਾਵੇ, ਤਾਂਕਿ ਉਹ ਆਰਥਕ ਮੰਦੀ ਕਾਰਨ ਬੰਦ ਕਰਨ ਨੂੰ ਮਜਬੂਰ ਨਾ ਹੋਣ। ਐਸ ਵੇਲੇ ਇਹ ਕੋਸ਼, ਕੰਮ ਤੋਂ ਕੱਢੇ ਗਏ 80,000 ਮਜ਼ਦੂਰਾਂ ਨੂੰ ਤਨਖਾਹ ਦੇ ਰਿਹਾ ਹੈ।

ਇੱਕ ਯੂਨੀਅਨ ਨੇਤਾ ਦੇ ਮੁਤਾਬਕ, 2008 ਤੋਂ 2009 ਦੇ ਵਿਚਾਲੇ, ਇਸ ਕੋਸ਼ 'ਚੋਂ ਤਨਖਾਹ ਲੈਣ ਵਾਲੇ ਮਜ਼ਦੂਰਾਂ ਦੀ ਸੰਖਿਆ ਦੁੱਗਣੀ ਹੋ ਗਈ ਹੈ। ਵਧਦੀ ਬੇਰੁਜ਼ਗਾਰੀ ਕਾਰਨ, ਸਰਕਾਰ ਇਸ ਕੋਸ਼ ਨੂੰ ਹੋਰ ਵੀ ਵਿਸਤ੍ਰਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ; 2009-10 ਦੇ ਲਈ ਇਹਦੇ ਵਾਸਤੇ 8 ਅਰਬ ਯੂਰੋ ਨਿਰਧਾਰਤ ਕੀਤੇ ਗਏ ਹਨ। ਪਰ ਟ੍ਰੇਡ ਯੂਨੀਅਨਾਂ ਅਸਲੀ ਨੌਕਰੀਆਂ ਅਤੇ ਅਸਲੀ ਤਨਖਾਹਾਂ ਦੀ ਮੰਗ ਕਰ ਰਹੀਆਂ ਹਨ।

ਅਗਰ ਧੰਨ ਰਾਸ਼ੀ ਖਤਮ ਹੋ ਜਾਂਦੀ ਹੈ, ਜਾਂ ਅਗਰ ਕੁੱਝ ਹੋਰ ਕੰਪਣੀਆਂ ਬੰਦ ਹੋ ਜਾਂਦੀਆਂ ਹਨ—ਇਹ ਸੋਚ ਕੇ ਕਿ ਮੰਦੀ ਦੇ ਖਤਮ ਹੋਣ ਅਤੇ ਆਰਥਕਤਾ ਦੇ ਸਾਰਥਕ ਪਾਸੇ ਵੱਲ ਮੋੜਾ ਆਉਣ ਤਕ ਇੰਤਜ਼ਾਰ ਕਰਨਾ ਬੇਅਰਥ ਹੈ, ਜਿਵੇਂ ਕਿ ਕਈ ਕੰਪਣੀਆਂ ਕਰ ਰਹੀਆਂ ਹਨ—ਤਾਂ ਬੇਰੁਜ਼ਗਾਰੀ ਬਹੁਤ ਵਧ ਜਾਵੇਗੀ ਅਤੇ ਸਮਾਜਕ ਤਣਾਅ ਬੇਹੱਦ ਵਧ ਜਾਏਗਾ।

ਅਕਤੂਬਰ ਵਿੱਚ, ਰੋਮ ਦੀਆਂ ਸੜਕਾਂ ਤੇ 40,000 ਪੁਲਸ ਅਫਸਰਾਂ ਨੇ ਬਿਹਤਰ ਤਨਖਾਹ ਅਤੇ ਨਵੀਆਂ ਗੱਡੀਆਂ ਦੀ ਮੰਗ ਨੂੰ ਲੈਕੇ ਮੁਜ਼ਾਹਰਾ ਕੀਤਾ ਸੀ। ਇਟਲੀ ਵਿੱਚ ਪੁਲਸ 'ਚ ਭਰਤੀ ਉੱਤੇ ਰੋਕ ਲੱਗਾਈ ਹੋਈ ਹੈ, ਜਿਸਦੀ ਵਜ੍ਹਾ ਕਰਕੇ ਉਥੇ ਪੁਲਸ ਕਰਮਚਾਰੀਆਂ ਦੀ ਔਸਤ ਉਮਰ 45 ਸਾਲ ਹੈ। ■

---

## ਗੁਜਰਾਤ ਕਤਲੇਆਮ...

**ਸਫਾ 10 ਦੀ ਬਾਕੀ**

ਦਾ ਕਾਰਾ ਹੈ। ਇਸ ਵਿੱਚ ਕਮਾਨ ਜਿਮੇਵਾਰੀ ਨੂੰ ਮੰਨਣ ਤੋਂ ਇਨਕਾਰ ਕੀਤਾ ਗਿਆ ਸੀ, ਜਾਣੀ ਕਿ ਸਰਕਾਰ, ਉੱਚ ਅਧਿਕਾਰੀਆਂ ਅਤੇ ਉੱਚ ਪੁਲਸ ਅਫਸਰਾਂ ਦੀ ਇਨ੍ਹਾਂ ਕਤਲੇਆਮਾਂ ਨੂੰ ਜਥੇਬੰਦ ਕਰਨ ਅਤੇ ਕਰਵਾਉਣ ਦੀ ਭੂਮਿਕਾ ਨੂੰ ਮੰਨਣ ਤੋਂ ਇਨਕਾਰ ਕੀਤਾ ਗਿਆ ਸੀ। ਹੁਣ, ਸੰਸਦ ਦੇ ਚਾਲੂ ਇਜ਼ਲਾਸ ਵਿੱਚ, ਇਸ ਬਿਲ ਦਾ ਇੱਕ ਨਵਾਂ ਰੂਪ ਪੇਸ਼ ਕੀਤਾ ਜਾਣਾ ਹੈ। ਰਾਜ ਵਲੋਂ ਜਥੇਬੰਦ ਕੀਤੀ ਜਾਂਦੀ ਫਿਰਕੂ ਹਿੰਸਾ ਦੇ ਖਿਲਾਫ ਲੜ ਰਹੇ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਵਾਲੇ ਤੰਤਰਾਂ ਦੀ ਮੰਗ ਕਰ ਰਹੇ ਲੋਕ, ਇੱਕ ਬਾਰ ਫਿਰ ਆਪਣੀਆਂ ਚਿੰਤਾਵਾਂ ਦੁਹਰਾ ਰਹੇ ਹਨ।

ਸਾਡੇ ਲੋਕਾਂ ਨੂੰ ਐਸਾ ਕੋਈ ਵੀ ਭਰਮ-ਭੁਲੇਖਾ ਨਹੀਂ ਪਾਲਣਾ ਚਾਹੀਦਾ ਹੈ ਕਿ ਕਾਂਗਰਸ ਪਾਰਟੀ, ਭਾਜਪਾ ਜਾਂ ਖੱਬੀਆਂ ਪਾਰਟੀਆਂ, ਫਿਰਕੂ ਕਤਲੇਆਮਾਂ ਨੂੰ ਜਥੇਬੰਦ ਕਰਨ ਦੇ ਦੋਸ਼ੀਆਂ ਨੂੰ ਅਸਲ 'ਚ ਸਜ਼ਾ ਦਵਾਉਣ ਲਈ ਕੋਈ ਕਦਮ ਉਠਾਉਣਗੀਆਂ। 1858 ਤੋਂ ਲੈਕੇ ਹਿੰਦੋਸਤਾਨ ਦਾ ਇਤਿਹਾਸ ਦਿਖਾਉਂਦਾ ਹੈ ਕਿ ਲੋਕਾਂ ਨੂੰ ਫਿਰਕੂ ਅਧਾਰ ਤੇ ਅੱਡੋ-ਫਾੜ ਕਰਨਾ ਅਤੇ ਸਮੇਂ-ਸਮੇਂ ਫਿਰਕੂ ਕਤਲੇਆਮ ਜਥੇਬੰਦ ਕਰਨਾ, ਪਹਿਲਾਂ ਬਸਤੀਵਾਦੀ ਹਾਕਮਾਂ ਦੀ ਅਤੇ ਬਾਅਦ 'ਚ ਹਿੰਦੋਸਤਾਨੀ ਹਾਕਮ ਜਮਾਤ ਦੀ, ਆਪਣੇ ਰਾਜ ਨੂੰ ਬਚਾ ਕੇ ਰੱਖਣ ਅਤੇ ਮਜਬੂਤ ਕਰਨ ਲਈ, ਇੱਕ ਤਰਜ਼ੀਹੀ ਨੀਤੀ ਰਹੀ ਹੈ। ਇਸਦਾ ਉਦੇਸ਼ ਲੋਕਾਂ 'ਚ ਦੁਫੇੜਾਂ ਪਾਉਣਾ ਅਤੇ ਉਨ੍ਹਾਂ ਨੂੰ ਹਾਕਮ ਜਮਾਤ ਪਾਰਟੀਆਂ ਦੇ ਪਿਛਲੱਗੂ ਬਣਾਉਣਾ ਹੈ। ਇਸਦਾ ਮਕਸਦ, ਹਾਕਮ ਜਮਾਤ ਦੇ ਮਜ਼ਦੂਰ-ਵਿਰੋਧੀ ਕਿਸਾਨ-ਵਿਰੋਧੀ ਪ੍ਰੋਗਰਾਮ ਦੇ ਖਿਲਾਫ ਇੱਕ ਏਕਤਾਬਧ ਸੰਘਰਸ਼ ਦਾ ਰਸਤਾ ਰੋਕਣਾ ਹੈ।

ਕਮਿਊਨਿਸਟਾਂ ਨੂੰ , ਸਰਮਾਏਦਾਰ ਰਾਜਨੀਤਕ ਪਾਰਟੀਆਂ ਦੇ "ਧਰਮ-ਨਿਰਪੇਖ" ਖਾਸੇ ਬਾਰੇ ਕੋਈ ਵੀ ਭਰਮ-ਭੁਲੇਖੇ ਨਹੀਂ ਪਾਲਣੇ ਚਾਹੀਦੇ, ਜੋ ਕਿ ਸੀ.ਪੀ.ਐਮ. ਅਤੇ ਸੀ.ਪੀ.ਆਈ. ਬਾਰ-ਬਾਰ ਕਰਦੀਆਂ ਰਹਿੰਦੀਆਂ ਹਨ। ਧਰਮ-ਨਿਰਪੇਖਤਾ ਅਤੇ ਫਿਰਕੂਵਾਦ, ਹਾਕਮ ਜਮਾਤ ਦੀ ਇੱਕ ਦੋ-ਧਾਰੀ ਤਲਵਾਰ ਹੈ, ਜਿਹਦੇ ਨਾਲ ਉਹ ਆਪਣੇ ਰਾਜ ਦੀ ਰਖਵਾਲੀ ਕਰਦੀ ਹੈ। ਜੀਵਨ ਦੇ ਅਨੁਭਵ ਨੇ ਬਾਰ-ਬਾਰ ਇਸ ਸੱਚਾਈ ਦੀ ਪੁਸ਼ਟੀ ਕੀਤੀ ਹੈ ਕਿ ਹਿੰਦੋਸਤਾਨੀ ਰਾਜ ਅਸਲੀਅਤ ਵਿੱਚ ਇੱਕ ਫਿਰਕੂਵਾਦੀ ਰਾਜ ਹੈ। ਸੱਭ ਸਰਮਾਏਦਾਰ ਪਾਰਟੀਆਂ, ਚਾਹੇ ਉਹ ਸਮਸਤ ਹਿੰਦੋਸਤਾਨੀ ਲੋਕਾਂ ਦੀ ਪ੍ਰਤੀਨਿਧਤਾ ਕਰਨ ਦਾ ਦਾਵ੍ਹਾ ਕਰਦੀਆਂ ਹੋਣ, ਉਹ ਸਾਰੀਆਂ ਹੀ ਲੋਕਾਂ ਅੰਦਰ ਫਿਰਕੂ ਅਧਾਰ 'ਤੇ ਦੁਫੇੜਾਂ ਪਾਕੇ, ਉਨ੍ਹਾਂ ਨੂੰ ਹਾਕਮ ਜਮਾਤ ਦੇ ਪ੍ਰੋਗਰਾਮ ਪਿੱਛੇ ਲਾਮਬੰਦ ਕਰਨ ਲਈ ਹੀ ਕੰਮ ਕਰਦੀਆਂ ਹਨ।

ਸਿਰਫ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਕੂਮਤ ਕਾਇਮ ਕਰਕੇ ਹੀ, ਆਪਣੇ ਦੇਸ਼ ਦੇ ਲੋਕ, ਰਾਜ ਵਲੋਂ ਜਥੇਬੰਦ ਕੀਤੇ ਜਾਂਦੇ ਫਿਰਕੂ ਕਤਲੇਆਮਾਂ ਦੇ ਕਲੰਕ ਤੋਂ ਹਮੇਸ਼ਾ-ਹਮੇਸ਼ਾ ਲਈ ਛੁਟਕਾਰਾ ਪਾ ਸਕਣਗੇ। ■


हिन्दोस्तान की कम्युनिस्ट ग़दर पार्टी की केन्द्रीय कमेटी का पाक्षिक अखबार

**मजदूर एकता लहर**

वार्षिक शुल्क 50 रुपये, कृपया मनीआर्डर निम्न पते पर भेजिये : श्री चन्द्रभान, ई-392, संजय कालोनी, ओखला फेस-2, नई दिल्ली - 110020, फोन 09868721375

**मनीआर्डर फार्म भरते समय संदेश के स्थान पर स्पष्ट अक्षरों में अपना पता व फोन नम्बर अवश्य लिखें ताकि आपसे संपर्क किया जा सके**

RNI No. DELPUN/2009/29968

# ਮਹਿੰਗਾਈ ਦੇ ਖਿਲਾਫ ਮਸ਼ਾਲ ਜਲੂਸ

9 ਫਰਵਰੀ 2010 ਨੂੰ, ਮਹਿੰਗਾਈ ਵਿਰੋਧੀ ਸੰਯੁਕਤ ਸੰਗਰਸ਼ ਸਮਿਤੀ ਦੀ ਅਗਵਾਈ ਹੇਠ, ਦੱਖਣੀ ਦਿੱਲੀ ਦੇ ਤੇਖੰਡ ਪਿੰਡ ਦੇ ਚੌਕ ਤੋਂ ਕਾਲਕਾਜੀ ਬੱਸ ਡਿਪੋ ਤਕ, ਸ਼ਾਮ 4 ਵਜੇ ਤੋਂ ਮਹਿੰਗਾਈ ਦੇ ਖਿਲਾਫ ਇੱਕ ਮਸ਼ਾਲ ਜਲੂਸ ਕੱਢਿਆ ਗਿਆ।

ਇਸ ਮਸ਼ਾਲ ਜਲੂਸ ਵਿੱਚ, ਲੋਕ ਰਾਜ ਸੰਗਠਨ ਦੀਆਂ ਸਥਾਨਕ ਸਮਿਤੀਆਂ ਦੇ ਮੈਂਬਰਾਂ ਅਤੇ ਟ੍ਰੇਡ ਯੂਨੀਅਨ ਸੰਗਠਨਾਂ ਦੇ ਮੈਂਬਰਾਂ ਨੇ ਵੱਧ-ਚੜ੍ਹਕੇ ਹਿੱਸਾ ਲਿਆ। ਇਹ ਮਸ਼ਾਲ ਜਲੂਸ ਓਖਲਾ ਉਦਯੋਗਕ ਖੇਤਰ ਫੇਜ਼ 1 ਅਤੇ 2 ਦੀਆਂ ਫੈਕਟਰੀਆਂ ਦੇ ਸਾਹਮਣਿਓ ਦੀ ਹੁੰਦਾ ਹੋਇਆ ਗੁਜਰਿਆ। ਜਿਦਾਂ-ਜਿਦਾਂ ਜਲੂਸ ਅਗਾਂਹ ਵਧਦਾ ਗਿਆ, ਫੈਕਟਰੀਆਂ 'ਚੋਂ ਨਿਕਲਕੇ ਹੋਰ ਮਜਦੂਰ ਇਸ ਵਿੱਚ ਸ਼ਾਮਲ ਹੁੰਦੇ ਗਏ। ਜਲੂਸ 'ਚ ਸ਼ਾਮਲ ਲੋਕ ਨਾਅਰੇ ਲਗਾ ਰਹੇ ਸਨ: "ਕੇਂਦਰ ਅਤੇ ਦਿੱਲੀ ਸਰਕਾਰ ਦੀਆਂ ਮਜਦੂਰ-ਵਿਰੋਧੀ ਨੀਤੀਆਂ-ਮੁਰਦਾਬਾਦ!", "ਦਿੱਲੀ ਸਰਕਾਰ-ਮੁਰਦਾਬਾਦ!", "ਪੂੰਜੀਵਾਦ ਹੋ ਬਰਬਾਦ!" ਅਤੇ "ਇਨਕਲਾਬ-ਜ਼ਿੰਦਾਬਾਦ!" ਆਦਿ, ਆਦਿ।

ਜਲੂਸ ਦੇ ਚਾਲੇ ਪੈਣ ਤੋਂ ਪਹਿਲਾਂ ਜਥੇਬੰਦ ਕੀਤੀ ਗਈ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ, ਲੋਕ ਰਾਜ ਸੰਗਠਨ ਦੇ ਦਿੱਲੀ ਦੇ ਸਕੱਤਰ, ਸਾਥੀ ਬਿਰਜੂ ਨਾਇਕ, ਨੇ ਦੱਸਿਆ ਕਿ ਹਿੰਦੋਸਤਾਨ ਦੀ ਸਰਕਾਰ ਇਸਦੇ ਵਿੱਤ ਮੰਤਰੀ ਅਤੇ ਅਰਥ-ਸ਼ਾਸ਼ਤਰੀ ਪਿਛਲੇ ਇੱਕ ਸਾਲ ਤੋਂ ਢੰਡੋਰਾ ਪਿੱਟ ਰਹੇ ਹਨ ਕਿ ਦੇਸ਼ ਵਿੱਚ ਬਹੁਤ ਆਰਥਕ ਉੱਨਤੀ ਹੋ ਰਹੀ ਹੈ। ਇਸ ਉੱਨਤੀ ਨਾਲ ਦੇਸ਼ ਦੇ ਮਿਹਨਤਕਸ਼ ਲੋਕਾਂ ਦੀ ਆਰਥਕ ਸਥਿਤੀ 'ਚ ਸੁਧਾਰ ਹੋਣਾ ਚਾਹੀਦਾ ਹੈ। ਲੇਕਿਨ ਅਜੇਹਾ ਨਹੀਂ ਹੋ ਰਿਹਾ, ਬਲਕਿ ਉਨ੍ਹਾਂ ਦੀ ਆਰਥਕ ਹਾਲਤ ਦਿਨੋ-ਦਿਨ ਹੋਰ ਵੀ ਖਰਾਬ ਹੁੰਦੀ ਜਾ ਰਹੀ ਹੈ। ਖਾਣ-ਪੀਣ ਦੀਆਂ ਅਤਿ-ਜਰੂਰੀ ਵਸਤਾਂ ਖ਼ੀਦ ਸਕਣ ਦੀ ਉਨ੍ਹਾਂ ਦੀ ਸਮਰੱਥਾ ਲਗਾਤਾਰ ਨਿੱਘਰਦੀ ਜਾ ਰਹੀ ਹੈ।






ਇਸਤੋਂ ਸਪੱਸ਼ਟ ਜ਼ਾਹਰ ਹੈ ਕਿ ਜਿਸ ਉੱਨਤੀ ਦੀਆਂ ਸਰਕਾਰ ਅਤੇ ਇਸਦੇ ਆਰਥਕ ਮਾਹਿਰ ਫੀਂਗਾਂ ਮਾਰ ਰਹੇ ਹਨ, ਉਸ ਉੱਨਤੀ ਦਾ ਅਰਥ ਸਿਰਫ ਮੁੱਠੀਭਰ ਸਰਮਾਏਦਾਰਾਂ ਦੀ ਵਧ ਰਹੀ ਅਮੀਰੀ ਹੈ। ਏਹੀਓ ਦੇਸ਼ ਦੀ ਆਰਥਕ ਖ਼ੁਸ਼ਹਾਲੀ ਦੀ ਪ੍ਰੀਭਾਸ਼ਾ ਦਾ ਸਾਰ ਹੈ। ਇਸ ਪ੍ਰੀਭਾਸ਼ਾ ਦੇ ਮੁਤਾਬਕ, ਵੱਡੇ ਸਰਮਾਏਦਾਰਾਂ ਦੇ ਨੁਕਸਾਨ ਜਾਂ ਫਾਇਦੇ ਨੂੰ ਹੀ ਦੇਸ਼ ਦਾ ਨੁਕਸਾਨ ਜਾਂ ਫਾਇਦਾ ਮੰਨਿਆਂ ਜਾਂਦਾ ਹੈ। ਉਨ੍ਹਾਂ ਦੇ ਸੰਕਟ ਨੂੰ ਦੇਸ਼ ਦਾ ਸੰਕਟ, ਉਨ੍ਹਾਂ ਦੇ ਦਿਵਾਲੀਏ ਨੂੰ ਦੇਸ਼ ਦਾ ਦਿਵਾਲੀਆ ਘੋਸ਼ਤ ਕਰ ਦਿੱਤਾ ਜਾਂਦਾ ਹੈ। ਇਸਦੇ ਉਲਟ, ਵਰਤਮਾਨ ਆਰਥਕ ਅਤੇ ਰਾਜਨੀਤਕ ਵਿਵਸਥਾ ਦੇ ਅੰਦਰ, ਇਸ ਦੇਸ਼ ਦੇ ਮਿਹਨਤਕਸ਼ ਲੋਕਾਂ ਨੂੰ ਦਰਪੇਸ਼ ਰੋਜ਼ੀ-ਰੋਟੀ ਦੇ ਸੰਕਟ ਨੂੰ ਦੇਸ਼ ਦਾ ਸੰਕਟ ਨਹੀਂ ਮੰਨਿਆਂ ਜਾਏਗਾ, ਅਤੇ ਨਾ ਹੀ ਦੇਸ਼ ਦੇ ਮਿਹਨਤਕਸ਼ ਅਵਾਮ ਦੀ ਭੁੱਖ ਵੱਲ ਕੋਈ ਧਿਆਨ ਦਿੱਤਾ ਜਾਏਗਾ।

ਸਭਾ ਨੂੰ ਸੰਬੋਧਨ ਕਰਨ ਵਾਲੇ ਹੋਰਨਾਂ ਵਿੱਚ ਸ਼ਾਮਲ ਸਨ; ਦਿੱਲੀ ਲੈਦਰ ਕਾਰੀਗਰ ਸੰਗਠਨ ਦੇ ਪ੍ਰਧਾਨ, ਕਾਮਰੇਡ ਅਤਿਕ, ਸੀ.ਪੀ.ਆਈ. (ਮ-ਲ) ਨਿਊ ਡੈਮੋਕ੍ਰੇਸੀ, ਦਿੱਲੀ ਪ੍ਰਦੇਸ਼ ਤੋਂ ਕਾਮਰੇਡ ਮ੍ਰਗਾਂਕ, ਇਨਕਲਾਬੀ ਮਜਦੂਰ ਕੇਂਦਰ ਤੋਂ ਬਲਬੀਰ ਅਤੇ ਏਟਕ ਦੀ ਸਥਾਨਕ ਇਕਾਈ ਦੇ ਪ੍ਰਧਾਨ।

ਮਸ਼ਾਲ ਜਲੂਸ ਦੇ ਕਾਲਕਾਜੀ ਬੱਸ ਡਿਪੋ ਤਕ ਪਹੁੰਚਣ ਤੋਂ ਪਹਿਲਾਂ ਹੀ, ਦਿੱਲੀ ਪੁਲਸ ਨੇ ਇਸ ਨੂੰ ਰੋਕਣ ਦੀ ਕੋਸ਼ਸ਼ ਕੀਤੀ। ਪੁਲਸ ਦੇ ਇਸ ਵਿਵਹਾਰ ਤੋਂ ਗੁੱਸੇ 'ਚ ਆਏ ਹੋਏ ਮੁਜ਼ਾਹਰਾਕਾਰੀਆਂ ਨੇ ਕਾਫੀ ਦੇਰ ਤਰ ਡਿਪੋ ਲਾਗੇ ਜਾਮ ਲਗਾਈ ਰੱਖਿਆ। ਅੰਤ 'ਚ ਇਹ ਮਸ਼ਾਲ ਜਲੂਸ ਕਾਲਕਾਜੀ ਬੱਸ ਡਿਪੋ ਦੇ ਸਾਹਮਣੇ ਪਹੁੰਚ ਕੇ ਸਮਾਪਤ ਹੋਇਆ। ■

**ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ**

**ਮਜਦੂਰ ਏਕਤਾ ਲਹਿਰ**

(ਮਾਸਕ)

ਮੁੱਲ 5 ਰੁ. ਸਲਾਨਾ 100 ਰੁ.

ਮਨੀ ਆਡਰ ਭੇਜਣ ਲਈ

ਪਤਾ: ਚੰਦਰਭਾਨ,

ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ,
ਓਖਲਾ ਫੇਜ਼ 2,
ਨਵੀਂ ਦਿਲੀ 110020

ਮਜਦੂਰ ਏਕਤਾ ਲਹਿਰ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਈ-392 ਸੰਜੇ ਕਾਲੋਨੀ, ਓਖਲਾ ਫੇਜ਼-2 ਨਵੀਂ ਦਿੱਲੀ 110020, ਦੇ ਲਈ ਮਾ ਪ੍ਰਿੰਟਰਜ਼, ਬੀ-24/2 ਓਖਲਾ ਫੇਜ਼-2, ਨਵੀਂ ਦਿੱਲੀ 110020 ਤੋਂ ਛਪਵਾਕੇ, ਮਧੁਸੂਦਨ ਕਸਤੂਰੀ ਨੇ ਪ੍ਰਕਾਸ਼ਤ ਕੀਤਾ।
ਸੰਪਾਦਕ: ਚੰਦਰਭਾਨ, ਫੋਨ-9868721375